Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 20* Issue 212** | **Thursday, October 28, 2021** | **Tel: 905-793-2202 | Fax: 905-793-2282 | news@punjabipost.ca** *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਮਿਲਟਰੀ ਦੇ ਅੰਦਰੂਨੀ ਸੰਕਟ ਨੂੰ ਹੱਲ ਕਰਕੇ ਹੀ ਸਾਹ ਲਵਾਂਗੀ : ਆਨੰਦ

ਓਟਵਾ, 27 ਅਕਤੂਬਰ (ਪੋਸਟ ਬਿਊਰੋ) : ਕੌਮੀ ਰੱਖਿਆ ਮੰਤਰੀ ਅਨੀਤਾ ਆਨੰਦ ਦਾ ਕਹਿਣਾ ਹੈ ਕਿ ਕੈਨੇਡੀਅਨ ਆਰਮਡ ਫੋਰਸਿਜ਼ ਵਿੱਚ ਜਿਨਸੀ ਸ਼ੋਸ਼ਣ ਖਿਲਾਫ ਛਿੜੀ ਜੰਗ ਵਿੱਚ ਉਹ ਇਹ ਯਕੀਨੀ ਬਣਾਉਣਗੇ ਕਿ ਸੱਭ ਲੋੜਵੰਦਾਂ ਨੂੰ ਇਨਸਾਫ ਮਿਲੇ।



ਇਹ ਅਹੁਦਾ ਸਾਂਭਦੇ ਸਾਰ ਹੀ ਆਨੰਦ ਨੇ ਆਖਿਆ ਕਿ ਉਹ ਮਿਲਟਰੀ ਵਿਚਲੇ ਕਲਚਰ ਨੂੰ ਬਦਲਣਗੇ ਤਾਂ ਕਿ ਯੂਨੀਫੌਰਮ ਵਿਚਲੇ ਲੋਕ ਸੁਰੱਖਿਅਤ ਰਹਿ ਸਕਣ। ਉਨ੍ਹਾਂ ਆਖਿਆ ਕਿ ਉਹ ਮਿਲਟਰੀ ਵਿੱਚ ਕੈਨੇਡੀਅਨਜ਼ ਦੇ ਵਿਸ਼ਵਾਸ ਨੂੰ ਵੀ ਬਹਾਲ ਕਰਨਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਉਹ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਪੂਰੀ ਤਰ੍ਹਾਂ ਸਮਰਪਿਤ ਹਨ।

ਅਨੀਤਾ ਆਨੰਦ ਨੇ ਸਾਬਕਾ ਰੱਖਿਆ ਮੰਤਰੀ ਹਰਜੀਤ ਸੱਜਣ ਦੀ ਥਾਂ ਲਈ ਹੈ। ਫੌਜ ਦੇ ਉੱਚ ਰੈਂਕ ਵਾਲੇ ਅਧਿਕਾਰੀਆਂ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਸਬੰਧ ਵਿੱਚ ਕੋਈ ਠੋਸ ਕਾਰਵਾਈ ਨਾ ਕਰ ਸਕਣ ਲਈ ਸੱਜਣ ਨੂੰ ਚੁਫੇਰਿਓਂ ਨੁਕਤਾਚੀਨੀ ਦਾ ਸਾਹ-ਮਣਾ ਕਰਨਾ ਪੈ ਰਿਹਾ ਸੀ।

## ਉਮੀਦ ਨਾਲੋਂ ਪਹਿਲਾਂ ਹੋ ਸਕਦਾ ਹੈ ਵਿਆਜ਼ ਦਰਾਂ ਵਿੱਚ ਵਾਧਾ : ਬੈਂਕ ਆਫ ਕੈਨੇਡਾ

ਓਟਵਾ, 27 ਅਕਤੂਬਰ (ਪੋਸਟ ਬਿਊਰੋ): ਬੈਂਕ ਆਫ ਕੈਨੇਡਾ ਦਾ ਕਹਿਣਾ ਹੈ ਕਿ ਪਹਿਲਾਂ ਕੀਤੀ ਗਈ ਪੇਸ਼ੀਨਿਗੋਈ ਤੋਂ ਉਲਟ ਮਹਿੰਗਾਈ ਪਹਿਲਾਂ ਨਾਲੋਂ ਵੱਧ ਸਮੇਂ ਲਈ ਰਹੇਗੀ। ਬੈਂਕ ਨੇ ਇਹ ਸੰਕੇਤ ਵੀ ਦਿੱਤਾ ਕਿ ਵਿਆਜ਼ ਦਰਾਂ ਵਿੱਚ ਵਾਧਾ ਵੀ ਉਮੀਦ ਨਾਲੋਂ ਪਹਿਲਾਂ ਹੋਵੇਗਾ।



ਬੈਂਕ ਨੇ ਆਖਿਆ ਕਿ ਸਾਲਾਨਾ ਮਹਿੰਗਾਈ ਦਰ ਵਿੱਚ ਵਾਧਾ ਸਾਰਾ ਸਾਲ ਬਣਿਆ ਰਹੇਗਾ, ਔਸਤਨ ਇਹ 4.75 ਫੀ ਸਦੀ ਰਹੇਗਾ, ਅਗਲੇ ਸਾਲ ਇਸ ਦੇ 3.4 ਫੀ ਸਦੀ ਰਹਿਣ ਦੀ ਸੰਭਾਵਨਾ ਹੈ।

...ਬਾਕੀ ਪੰਨਾ 5 'ਤੇ

## ਮਾਰਖਮ ਦੇ ਹਾਈਵੇਅ 407 ਉੱਤੇ ਜਹਾਜ਼ ਨੇ ਕੀਤੀ ਐਮਰਜੰਸੀ ਲੈਂਡਿੰਗ



ਟੋਰਾਂਟੋ, 27 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਮਾਰਖਮ ਵਿੱਚ ਹਾਈਵੇਅ 407 ਉੱਤੇ ਇੱਕ ਜਹਾਜ਼ ਨੂੰ ਐਮਰਜੰਸੀ ਲੈਂਡਿੰਗ ਕਰਨੀ ਪਈ। ਇਸ ਘਟਨਾ ਵਿੱਚ ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਜਾਣਕਾਰੀ ਨਹੀਂ ਮਿਲੀ ਹੈ।

ਸਵੇਰੇ 11:00 ਵਜੇ ਤੋਂ ਪਹਿਲਾਂ ਵੁੱਡਬਾਈਨ ਐਵਨਿਊ ਨੇੜੇ ਹਾਈਵੇਅ ਦੀਆਂ ਪੂਰਬ ਜਾਣ ਵਾਲੀਆਂ ਲੇਨਜ਼ ਉੱਤੇ ਇਹ ਜਹਾਜ਼ ਉਤਰਿਆ। ਸੋਸ਼ਲ ਮੀਡੀਆ ਉੱਤੇ ਸਰਕੂਲੇਟ ਹੋ ਰਹੀ ਤਸਵੀਰ ਵਿੱਚ ਸਿੰਗਲ ਪ੍ਰੋਪੈਲਰ ਵਾਲਾ ਇੱਕ ਜਹਾਜ਼ ਸੜਕ ਉੱਤੇ ਖੜ੍ਹਾ ਨਜ਼ਰ ਆ ਰਿਹਾ ਹੈ ਤੇ ਪੁਲਿਸ ਦੀਆਂ ਗੱਡੀਆਂ ਉਸ ਦੇ ਪਿੱਛੇ ਪਾਰਕ ਕੀਤੀਆਂ ਹੋਈਆਂ ਹਨ।

ਓਪੀਪੀ ਦੇ ਸਾਰਜੈਂਟ ਕੈਰੀ ਸ਼ਮਿਡਟ ਨੇ ਦੱਸਿਆ ਕਿ ਜਹਾਜ਼ ਤਾਂ ਸੁਰੱਖਿਅਤ ਢੰਗ ਨਾਲ ਉਤਰ ਗਿਆ ਪਰ ਫਿਰ ਜਲਦ ਬਾਅਦ ਹੀ ਉਸ ਨੂੰ ਦਿੱਕਤਾਂ ਸ਼ੁਰੂ ਹੋ ਗਈਆਂ। ਇੰਜਣ ਵਿੱਚ ਗੜਬੜ ਹੋਣ ਕਾਰਨ ਉਸ ਨੂੰ ਪਿੱਛੇ ਬਟਨਵਿੱਲ ਵੀ ਨਹੀਂ ਸੀ ਲਿਜ-ਾਇਆ ਜਾ ਸਕਦਾ। ਇੱਕ ਤਾਂ ਦੂਰੀ ਬਹੁਤ ਸੀ ਤੇ ਰਾਹ ਵਿੱਚ ਕਈ ਬਿਲਡਿੰਗਾਂ ਵੀ ਮੌਜੂਦ ਸਨ। ਜਹਾਜ਼ ਨੂੰ ਖੜ੍ਹਾ ਕਰਨ ਲਈ ਹਾਈਵੇਅ 407 ਉੱਤੇ ਹੀ ਕਿਸੇ ਠੀਕ ਲੋਕੇਸ਼ਨ ਦੀ ਭਾਲ ਵੀ ਕੀਤੀ ਗਈ।

ਮੌਕੇ ਉੱਤੇ ਮੌਜੂਦ ਰਿਪੋਰਟਰਜ਼ ਨੇ ਦੱਸਿਆ ਕਿ ਜਹਾਜ਼ ਵਿੱਚੋਂ ਦੋ ਵਿਅਕਤੀ ਬਾਹਰ ਆਏ। ਮਦਦ ਲਈ ਮੌਕੇ ਉੱਤੇ ਪਹੁੰਚੇ ਐਮਰਜੰਸੀ ਅਮਲੇ ਕਾਰਨ ਹਾਈਵੇਅ ਦੀਆਂ ਤਿੰਨ ਲੇਨਜ਼ ਬੰਦ ਕਰਨੀਆਂ ਪਈਆਂ। ਪਬਲਿਕ ਏਵੀਏਸ਼ਨ ਰਿਕਾਰਡਜ਼ ਵੱਲੋਂ ਇਸ ਪਲੇਨ ਦੀ ਪਛਾਣ ਟੋਰਾਂਟੋ ਵਿੱਚ ਕੈਰੇਬੀਅਨ ਫਲਾਇੰਗ ਕਲੱਬ ਦੇ ਨਾਂ ਰਜਿਸਟਰ ਪਾਈਪਰ ਪੀਏ-28 ਵਜੋਂ ਹੋਈ। ਓਪੀਪੀ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

## ਬੱਚਿਆਂ ਲਈ ਐਫਡੀਏ ਸਲਾਹਕਾਰਾਂ ਨੇ ਫਾਈਜ਼ਰ ਦੀ ਕੋਵਿਡ-19 ਵੈਕਸੀਨ ਦੀ ਕੀਤੀ ਸਿਫਾਰਿਸ਼

ਵਾਸ਼ਿੰਗਟਨ, 27 ਅਕਤੂਬਰ (ਪੋਸਟ ਬਿਊਰੋ) : ਕਈ ਮਿਲੀਅਨ ਹੋਰ ਬੱਚਿਆਂ ਲਈ ਕੋਵਿਡ-19 ਵੈਕਸੀਨੇਸ਼ਨ ਦਾ ਪਸਾਰ ਕਰਨ ਵੱਲ ਅਮਰੀਕਾ ਨੇ ਇੱਕ ਹੋਰ ਕਦਮ ਪੁੱਟਿਆ ਹੈ। 5 ਤੋਂ 11 ਸਾਲਾਂ ਦੇ ਬੱਚਿਆਂ ਨੂੰ ਫਾਈਜ਼ਰ ਦਾ ਸ਼ੌਟ ਦੇਣ ਲਈ ਵੀ ਸਰਕਾਰੀ ਸਲਾਹਕਾਰਾਂ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ।



ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਦੇ ਐਡਵਾਈਜ਼ਰੀ ਪੈਨਲ ਵੱਲੋਂ ਸਰਬਸੰਮਤੀ ਨਾਲ ਵੋਟ ਕਰਕੇ ਇਹ ਤੈਅ ਕੀਤਾ ਗਿਆ ਕਿ ਇਸ ਉਮਰ ਵਰਗ ਲਈ ਵੀ ਕੋਵਿਡ-19 ਵੈਕਸੀਨ ਦੇ ਫਾਇਦੇ ਕਾਫੀ ਹਨ। ਪਰ ਇਸ ਉਮਰ ਵਰਗ ਦੇ ਬੱਚਿਆਂ ਲਈ ਵੈਕਸੀਨ ਦੀ ਡੋਜ਼ ਘਟਾ ਕੇ ਵਰਤੇ ਜਾਣ ਦੀ ਸਲਾਹ ਦਿੱਤੀ ਗਈ ਹੈ। ਪਰ ਇਸ ਦੇ ਨਾਲ ਹੀ ਇਸ ਵੈਕਸੀਨ ਦੇ ਸਾਈਡ ਇਫੈਕਟਸ ਸਬੰਧੀ ਸੁਆਲ ਵੀ ਉੱਠ ਰਹੇ ਹਨ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਟੀਨੇਜਰਜ਼ ਤੇ ਬਾਲਗਾਂ ਨੂੰ ਇਸ ਵੈਕਸੀਨ ਦੀ ਬੱਚਿਆਂ ਲਈ ਮਿਥੀ ਗਈ ਡੋਜ਼ ਤੋਂ ਵੱਧ ਦਿੱਤੀ ਜਾਂਦੀ ਸੀ ਪਰ ਉਨ੍ਹਾਂ ਵਿੱਚ ਵੀ ਮੁਕਾਬਲਤਨ ਸਾਈਡ ਇਫੈਕਟ ਘੱਟ ਹੀ ਵੇਖਣ ਨੂੰ ਮਿਲੇ ਹਨ।

ਹਾਲਾਂਕਿ ਬੱਚਿਆਂ ਨੂੰ ਕੋਵਿਡ-19 ਹੋਣ ਦਾ ਖਤਰਾ ਵੱਡਿਆਂ ਨਾਲੋਂ ਘੱਟ ਹੈ। ਪੈਨਲਿਸਟਸ ਨੇ ਤੈਅ ਕੀਤਾ ਹੈ ਕਿ ਇਹ ਚੁਆਇਸ ਮਾਪਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਬਚਾਅ ਸਕਣ। ਜ਼ਿਕਰਯੋਗ ਹੈ ਕਿ ਐਫਡੀਏ ਪੈਨਲ ਦੀਆਂ ਸਿਫਾਰਸ਼ਾਂ ਮੰਨਣ ਲਈ ਪਾਬੰਦ ਨਹੀਂ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਐਫਡੀਏ ਇਸ ਸਬੰਧ ਵਿੱਚ ਫੈਸਲਾ ਲਵੇਗੀ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc — Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance | Mortgage Insurance | Life Insurance | Visitor Insurance | Travel Insurance | RESP(Education Plan) | Critical Illness Insurance

INSURANCE MART INSURANCE COMPANY
Life Insurance | Critical Illness | Disability | Super Visa | Home and Auto Insurance
Gurdip Gill
(647)767-6665
gurdipgill1@hotmail.ca

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
2700 Northpark Drive Unit #19, Brampton Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life / Mortgage / Funeral Insurance
- Disability Insurance
- Critical Illness Insurance
- RESP / RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licensed Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks / Credit Unions || Private Lenders || Second Mortgages-Lowest 6.99 %
The Mortgage Centre
Avon Financial Inc. — Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential | Commercial | Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਲਾਂਗ ਟਰਮ ਕੇਅਰ ਸੈਕਟਰ ਲਈ 2000 ਨਵੀਆਂ ਨਰਸਾਂ ਭਰਤੀ ਕਰੇਗਾ ਓਨਟਾਰੀਓ

ਓਨਟਾਰੀਓ, 27 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਲਾਂਗ ਟਰਮ ਕੇਅਰ ਮੰਤਰੀ ਦਾ ਕਹਿਣਾ ਹੈ ਕਿ 2025 ਤੱਕ 2000 ਹੋਰ ਨਰਸਾਂ ਭਰਤੀ ਕਰਨ ਲਈ ਪ੍ਰੋਵਿੰਸ 100 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ। ਮੰਤਰੀ ਰੌਡ ਫਿਲਿਪਸ ਨੇ ਆਖਿਆ ਕਿ ਇਹ ਫੰਡ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਦੀ ਸਿੱਧੀ ਸਾਂਭ ਸੰਭਾਲ ਲਈ ਓਨਟਾਰੀਓ ਸਰਕਾਰ ਵੱਲੋਂ ਕੀਤੀ ਗਈ ਵਚਨਬੱਧਤਾ ਦਾ ਹੀ ਹਿੱਸਾ ਹਨ। ਡਾਇਰੈਕਟ ਕੇਅਰ ਗੋਲ ਨੂੰ ਪੂਰਾ ਕਰਨ ਲਈ ਓਨਟਾਰੀਓ ਸਰਕਾਰ ਦੋ ਵੱਖ ਵੱਖ ਪ੍ਰੋਗਰਾਮਾਂ ਵਿੱਚ ਪੈਸੇ ਲਾਵੇਗੀ।



ਪਹਿਲੇ ਪ੍ਰੋਗਰਾਮ ਵਿੱਚ ਪਰਸਨਲ ਸਪੋਰਟ ਵਰਕਰਜ਼ ਨੂੰ ਰਜਿਸਟਰਡ ਪ੍ਰੈਕਟੀਕਲ ਨਰਸਾਂ ਬਣਨ ਲਈ ਟਿਊਸ਼ਨ ਲੈਣ ਵਾਸਤੇ 6000 ਡਾਲਰ ਸਾਲ ਦੇ ਦਿੱਤੇ ਜਾਣਗੇ, ਇਸ ਦੇ ਨਾਲ ਹੀ ਰਜਿਸਟਰਡ ਪ੍ਰੈਕਟੀਕਲ ਨਰਸਾਂ ਨੂੰ ਰਜਿਸਟਰ ਨਰਸਾਂ ਬਣਨ ਲਈ 10,000 ਡਾਲਰ ਦਿੱਤੇ ਜਾਣਗੇ। ਇਸ ਦੇ ਬਦਲੇ ਵਿੱਚ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਟਿਊਸ਼ਨ ਸਬੰਧੀ ਮਦਦ ਹਾਸਲ ਕਰਨ ਦੇ ਏਵਜ ਵਿੱਚ ਐਨੇ ਹੀ ਅਰਸੇ ਲਈ ਲਾਂਗ ਟਰਮ ਕੇਅਰ ਸੈਕਟਰ ਲਈ ਕੰਮ ਕਰਨ ਦਾ ਵਾਅਦਾ ਕਰਨਾ ਹੋਵੇਗਾ।

ਫਿਲਿਪਸ ਨੇ ਆਖਿਆ ਕਿ ਆਪਣੀ ਸਿੱਖਿਆ ਨੂੰ ਅੱਗੇ ਵਧਾਉਣ ਲਈ ਜਦੋਂ ਲੋਕ ਜੱਦੋ ਜਹਿਦ ਕਰਦੇ ਹਨ ਤਾਂ ਇਹ ਪ੍ਰੋਗਰਾਮ ਉਨ੍ਹਾਂ ਨੂੰ ਕਈ ਤਰ੍ਹਾਂ ਦੀ ਮਦਦ ਕਰਨ ਦੇ ਸਮਰੱਥ ਹੋਵੇਗਾ। ਪਬਲਿਕ ਫੰਡ ਵਾਲੇ ਕਾਲਜਾਂ ਵਿੱਚ ਨਰਸਿੰਗ ਪ੍ਰੋਗਰਾਮ ਦੀ ਕਾਇਆ ਪਲਟ ਕਰਨ ਲਈ ਓਨਟਾਰੀਓ ਸਰਕਾਰ 38.3 ਮਿਲੀਅਨ ਡਾਲਰ ਨਿਵੇਸ਼ ਕਰੇਗੀ। ਇਸ ਦੌਰਾਨ ਫਿਲਿਪਸ ਨੇ ਇਹ ਵੀ ਆਖਿਆ ਕਿ ਉਹ ਵੀਰਵਾਰ ਨੂੰ ਲਾਂਗ ਟਰਮ ਕੇਅਰ ਮਾਪਦੰਡ ਕਾਇਮ ਕਰਨ ਲਈ ਨਵਾਂ ਬਿੱਲ ਪੇਸ਼ ਕਰਨਗੇ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਾਂ-ਧੀ ਜ਼ਖ਼ਮੀ




ਟੋਰਾਂਟੋ, 27 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਨੌਰਥ ਯੌਰਕ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਾਂ ਧੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਸਵੇਰੇ 8:00 ਵਜੇ ਤੋਂ ਬਾਅਦ ਫਲਿੰਚ ਤੇ ਇਸਲਿੰਗਟਨ ਐਵਨਿਊਜ਼ ਨੇੜੇ ਡੰਕਨਵੁੱਡਜ਼ ਡਰਾਈਵ ਉੱਤੇ ਉਨ੍ਹਾਂ ਨੂੰ ਸੱਦਿਆ ਗਿਆ। ਪੁਲਿਸ ਨੇ ਆਖਿਆ ਕਿ ਡਰਾਈਵਰ ਨੇ ਸਾਈਡਵਾਕ ਉੱਤੇ ਟੱਕਰ ਮਾਰ ਕੇ ਮਾਂ ਧੀ ਨੂੰ ਵੀ ਟੱਕਰ ਮਾਰੀ। ਹਾਦਸੇ ਵਾਲੀ ਥਾਂ ਦੀਆਂ ਤਸਵੀਰਾਂ ਤੋਂ ਸਾਹਮਣੇ ਆਇਆ ਹੈ ਕਿ ਕਾਰ ਨੇ ਰੈਜ਼ੀਡੈਂਸ਼ੀਅਲ ਡਰਾਈਵਵੇਅ ਉੱਤੇ ਖੜ੍ਹੀ ਗੱਡੀ ਨੂੰ ਵੀ ਟੱਕਰ ਮਾਰੀ।

ਪੈਰਾਮੈਡਿਕਸ ਦਾ ਕਹਿਣਾ ਹੈ ਕਿ ਔਰਤ ਤੇ ਬੱਚਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ। ਪੁਲਿਸ ਨੇ ਦੱਸਿਆ ਕਿ ਬੱਚੀ 10 ਸਾਲ ਤੋਂ ਵੀ ਘੱਟ ਉਮਰ ਦੀ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।


REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬੇਸਮੈਂਟਸ ਕਿਰਾਏ ਲਈ ਖਾਲੀ
ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੂਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੌਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-305-9864

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਬੰਤਾ ਸਿੰਘਾ ਦੋ ਆੜ੍ਹਤੀਏ ਖੜੇ ਸੁਣਿਆ,
ਝੋਨਾ ਇੱਕੋ ਥਾਂ ਲਾਹੁਣ ਨੂੰ ਅੜੇ ਸੁਣਿਆ।
ਪੁੱਜਾ ਲੜਦੇ ਨਹੀਂ ਕੋਈ ਹਟਾਉਣ ਵਾਲਾ,
ਵਿੰਹਦੇ ਦੂਰੋਂ ਹੀ ਰਹੇ ਸਨ ਬੜੇ ਸੁਣਿਆ।
ਕੱਢਿਆ ਇੱਕ ਨੇ ਫੇਰ ਪਿਸਤੌਲ ਕਹਿੰਦੇ,
ਫਾਇਰ ਦੂਸਰੇ ਵੱਲ ਕਈ ਜੜੇ ਸੁਣਿਆ।
ਜ਼ਖਮੀ ਇੱਕ ਫਿਰ ਡਾਕਟਰਾਂ ਕੋਲ ਪੁੱਜਾ,
ਕੇਸ ਦੂਜੇ'ਤੇ ਪੁਲਸੀਆਂ ਘੜੇ ਸੁਣਿਆ।
ਲੜਦੇ ਪਹਿਲਾਂ ਕਿਸਾਨ ਕਈ ਸੁਣੀਂਦੇ ਸੀ,
ਜਾਂਦੇ ਆੜ੍ਹਤੀ ਪੈਸਾ ਸੀ ਲਾਉਣ ਸੁਣਿਆ।
ਮਾੜੀ ਕਿਸਮਤ ਜਦ ਬੂਹੇ ਦੇ ਤੀਕ ਪੁੱਜੀ,
ਲੱਗੇ ਉਹ ਵੀ ਲੜਨ-ਲੜਾਉਣ ਸੁਣਿਆ।

**ਤੀਸ ਮਾਰ ਖਾਂ**

# ਕੈਪਟਨ ਅਮਰਿੰਦਰ ਵੱਲੋਂ ਵੱਖਰੀ ਪਾਰਟੀ ਬਣਾਉਣ ਦਾ ਐਲਾਨ

### * ਪਾਰਟੀ ਦਾ ਨਾਂਅ ਹਾਲੇ ਰੱਖਣੈ, ਭਾਜਪਾ ਨਾਲ ਚੋਣ ਸਮਝੌਤਾ ਕਰਨਗੇ * ਕਿਸਾਨੀ ਅਤੇ ਕੇਂਦਰ ਸਰਕਾਰ ਵਿਚਾਲੇ ਵਿਚੋਲਗੀ ਕਰਨ ਦੇ ਸੰਕੇਤ

ਚੰਡੀਗੜ੍ਹ, 27 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਪਾਸੇ ਇੱਕ ਨਵੀਂ ਪਾਰਟੀ ਖੜੀ ਕਰਨ ਅਤੇ ਦੂਸਰੇ ਪਾਸੇ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਚੱਲ ਰਹੇ ਕਿਸਾਨ ਅੰਦੋਲਨ ਦੇ ਸੰਭਾਵੀ ਹੱਲ ਬਾਰੇ ਦੋਵਾਂ ਧਿਰਾਂ ਵਿਚਾਲੇ ਵਿਚੋਲਗੀ ਕਰਨ ਦੇ ਸੰਕੇਤ ਦੇ ਦਿੱਤੇ ਹਨ।

ਅੱਜ ਬੁੱਧਵਾਰ ਨੂੰ ਏਥੇ ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰੰਸ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੱਖ-ਵੱਖ ਬਦਲ ਲੱਭਣ ਬਾਰੇ ਵਿਚਾਰ ਕਰ ਰਹੇ ਹਨ, ਤਾਂ ਕਿ ਕੋਈ ਹੱਲ ਨਿਕਲ ਸਕੇ। ਉਨ੍ਹਾ ਕਿਹਾ, "ਮੈਨੂੰ ਲੱਗਦਾ ਹੈ ਕਿ ਮੈਂ ਇਹਹੱਲ ਲੱਭਣ ਵਿੱਚ ਮਦਦ ਕਰ ਸਕਦਾ ਹਾਂ, ਕਿਉਂਕਿ ਮੈਂ ਪੰਜਾਬ ਦਾ ਮੁੱਖ ਮੰਤਰੀ ਰਿਹਾ ਹਾਂ ਅਤੇ ਮੈਂ ਕਿਸਾਨ ਵੀ ਹਾਂ।" ਉਨ੍ਹਾਂ ਨੇ ਕੇਂਦਰ ਸਰਕਾਰ ਤੇ ਕਿਸਾਨਾਂ ਵਿੱਚ ਵਿਚੋਲਗੀ ਦੇ ਸੰਕੇਤ ਵੀ ਦਿੱਤੇ, ਪਰ ਉਨ੍ਹਾ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਕਿਸੇ ਕਿਸਾਨ ਆਗੂਨੂੰ ਨਹੀਂ ਮਿਲੇ, ਉਨ੍ਹਾਂ ਇਸ ਵਿੱਚ ਜਾਣ-ਬੁੱਝ ਕੇ ਦਖ਼ਲ ਨਹੀਂ ਦਿੱਤਾ, ਕਿਉਂਕਿ ਕਿਸਾਨ ਨਹੀਂ ਚਾਹੁੰਦੇ ਕਿ ਸਿਆਸੀ ਆਗੂ ਇਸ ਵਿੱਚਆਉਣ। ਉਨ੍ਹਾਂਕਿਹਾ ਕਿ ਕਿਸਾਨ ਆਗੂਆਂ ਦੀਆਂ ਕੇਂਦਰ



ਨਾਲ ਚਾਰ ਬੇਨਤੀਜਾ ਮੀਟਿੰਗਾਂ ਹੋਈਆਂ ਸਨ, ਪਰ ਬੈਕ ਚੈਨਲ ਗੱਲਬਾਤ ਅਜੇ ਵੀਚੱਲ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਪ੍ਰੈੱਸ ਕਾਨਫਰੰਸ ਵਿੱਚ ਨਵੀਂ ਪਾਰਟੀ ਦਾ ਐਲਾਨ ਭਾਵੇਂ ਨਹੀਂ ਕੀਤਾ, ਪਰ ਇਸ ਬਾਰੇ ਆਪਣੀ ਰਣਨੀਤੀ ਖੁੱਲ੍ਹ ਕੇ ਦੱਸੀ।ਉਨ੍ਹਾ ਕਿਹਾ ਕਿ ਉਹ ਛੇਤੀ ਹੀ ਪਾਰਟੀ ਦਾ ਐਲਾਨ ਕਰਨਗੇ ਤੇਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਤੋਂ ਚੋਣ ਲੜਨਗੇ, ਜਿਸ ਮੌਕੇ ਬਹੁਤ ਸਾਰੇ ਕਾਂਗਰਸੀ ਉਨ੍ਹਾਂ ਨਾਲ ਆਉਣਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਈ ਕਾਂਗਰਸੀ ਇਸ ਵਕਤਮੇਰੇ ਸੰਪਰਕ ਵਿਚ ਹਨ।ਪਾਰਟੀ ਦੇ ਨਾਂਅ ਬਾਰੇ ਉਨ੍ਹਾਂ ਕਿਹਾ ਕਿ ਇਹ ਅਜੇ ਮੈਨੂੰ ਵੀ ਪਤਾ ਨਹੀਂ, ਸਾਡੇ ਵਕੀਲ ਪਾਰਟੀ ਦੇ ਨਾਂਅ ਤੇ ਚੋਣ-ਨਿਸ਼ਾਨ ਤੈਅ ਕਰਨ ਲੱਗੇ ਹੋਏ ਹਨਤੇ ਨਵੀਂ ਪਾਰਟੀਦਾ ਕੰਮ ਚੱਲ ਰਿਹਾ ਹੈ, ਜਿਸ ਲਈ ਚੋਣ ਕਮਿਸ਼ਨ ਨੂੰ ਅਰਜ਼ੀ ਦਿੱਤੀ ਹੋਈ ਹੈ। ਉਨ੍ਹਾਂ ਕਿਹਾ ਕਿ ਮੈਂ ਅਜੇ ਭਾਰਤੀ ਜਨਤਾ ਪਾਰਟੀ ਨਾਲ ਕੋਈਗੱਲ ਨਹੀਂ ਕੀਤੀ, ਸਾਡੀ ਸਿਰਫ ਸੀਟ ਵੰਡ ਬਾਰੇਗੱਲ ਹੋਈ ਸੀ, ਪਰਉਨ੍ਹਾ ਨਾਲ ਜੋ ਵੀ ਸੀਟ-ਵੰਡ ਕੀਤੀ ਗਈ, ਉਹ ਕਿਸਾਨਾਂ ਦੇ ਮਸਲਿਆਂ ਦੇ ਹੱਲਪਿੱਛੋਂ ਹੋਵੇਗੀ।

ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ'ਪਤਾ ਨਹੀਂ ਕੀ ਬਣੇਗਾ, ਪਰ ਆਸ ਹੈ ਕਿ ਹੱਲਕੱਢ ਲਵਾਂਗੇ। ਮੈਂ 25-30 ਲੋਕਾਂ ਨਾਲ ਗ੍ਰਹਿ ਮੰਤਰੀ ਨੂੰ ਨਿੱਜੀ ਤੌਰ ਉਤੇ ਮਿਲਾਂਗਾ।' ਉਨ੍ਹਾਂ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਕਿਸਾਨਾਂ ਨਾਲ ਮੇਰੀ ਕੋਈ ਸਿੱਧੀ ਗੱਲ ਨਹੀਂ ਹੋਈ, ਪਰ ਕਿਸਾਨਾਂ ਅਤੇ ਕੇਂਦਰੀ ਗ੍ਰਹਿ ਮੰਤਰੀ ਵਿਚਾਲੇ ਬੈਕ-ਚੈਨਲ ਰਾਹੀਂਗੱਲਬਾਤ ਚੱਲ ਰਹੀ ਹੈ।

## ਸੁਖਜਿੰਦਰ ਰੰਧਾਵਾ ਨੇ ਕਿਹਾ: ਕੈਪਟਨ ਅਮਰਿੰਦਰ ਨੇ ਭਾਜਪਾ ਨਾਲ ਸਾਂਝ ਪਾ ਕੇ ਕਿਸਾਨਾਂ, ਪੰਜਾਬੀਆਂ ਤੇ ਕਾਂਗਰਸ ਦੀ ਪਿੱਠ ਵਿੱਚ ਛੁਰਾ ਮਾਰਿਐ

ਚੰਡੀਗੜ੍ਹ, 27 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਡਿਪਟੀਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਅੰਦਰਖਾਤੇ ਬਹੁਤ ਪਹਿਲਾਂ ਤੋਂ ਭਾਜਪਾ ਨਾਲ ਰਲੇ ਹੋਏ ਸਨ,ਅੱਜ ਨਵੀਂ ਪਾਰਟੀ ਬਣਾਉਣ ਤੇ ਭਾਜਪਾ ਨਾਲ ਸੀਟਾਂ ਦਾ ਸਮਝੌਤਾ ਕਰਨ ਦਾ ਐਲਾਨ ਕਰ ਕੇਰਸਮੀ ਤੌਰ ਉੱਤੇ ਇਹ ਮੰਨ ਕੇ ਭਾਜਪਾ ਦਾ ਅਟੁੱਟ ਹਿੱਸਾ ਹੋਗਏ ਹਨ। ਰੰਧਾਵਾ ਨੇ ਕਿਹਾ ਕਿ ਅਮਰਿੰਦਰ ਸਿੰਘ ਨੇ ਨਾ ਸਿਰਫ਼ ਕਾਂਗਰਸ ਪਾਰਟੀ, ਸਗੋਂ 11 ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਅਤੇ ਸਮੁੱਚੇ ਪੰਜਾਬੀਆਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ।



ਟਕਸਾਲੀ ਕਾਂਗਰਸੀ ਆਗੂਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ 'ਭਾਜਪਾ ਦੇ ਰੰਗ ਵਿਚ ਰੰ-ਗਆ ਗਿਆ ਸਾਡਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਿਵੇਂ ਬਾਰਡਰ ਸਕਿਓਰਟੀ ਫੋਰਸ(ਬੀ ਐੱਸ ਐੱਫ) ਦੇ ਰਾਹੀਂ ਅੱਧੇ ਪੰਜਾਬ ਉੱਤੇ ਕਬਜ਼ਾ ਕਰਨ ਦੇ ਫ਼ੈਸਲੇ ਦੀ ਖੁੱਲ੍ਹ ਕੇ ਹਮਾਇਤ ਕਰ ਰਿਹਾ ਹੈ, ਉਸ ਤੋਂ ਜ਼ਾਹਿਰ ਹੈ ਕਿ ਉਸ ਨੂੰ ਨਿੱਜੀ ਹਿੱਤ ਪਿਆਰੇ ਹਨ।ਉਹ ਆਪਣੀ ਸਾਰੀ ਉਮਰ ਦੀ ਖੱਟੀ ਖੂਹ ਵਿਚ ਪਾ ਰਿਹਾ ਹੈ।'ਰੰਧਾਵਾ ਨੇ ਕਿਹਾ ਕਿ 'ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਵਿੱਚਕਾਂਗਰਸ ਨੇ ਸਭ ਤੋਂ ਲੰਬਾ ਸਮਾਂ ਕਾਂਗਰਸੀ ਮੁੱਖ ਮੰਤਰੀ ਬਣੇ ਰਹਿਣ ਦਾ ਮਾਣ ਦਿੱਤਾ, ਜਿਸ ਦੇ ਇੱਕ-ਇੱਕ ਵਰਕਰ ਤੇ ਸਮੱਰਥਕ ਦੇ ਸਹਿਯੋਗ ਨਾਲ ਉਸ ਨੇ 2014 ਵਿਚ ਭਾਜਪਾ ਦੇ ਦਿੱਗਜ਼ ਆਗੂ ਅਰੁਣ ਜੇਤਲੀ ਨੂੰ ਹਰਾ ਕੇ ਪੂਰੇ ਦੇਸ਼ ਵਿਚ ਭੱਲ ਖੱਟੀ ਸੀ, ਅੱਜਉਸੇ ਕਾਂਗਰਸ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰ ਕੇ ਭਾਜਪਾ ਦੇ ਪਾਸੇ ਚਲਾ ਗਿਆ ਅਤੇਹਾਰੇ-ਹੰਭੇ ਹੋਏ ਸਿਆਸਤਦਾਨ ਵਾਂਗ ਬਿਆਨ ਦੇ ਰਿਹਾ ਹੈ।

## ਉਲੰਪੀਅਨ ਗੋਲਡ ਮੈਡਲਿਸਟ ਨੀਰਜ ਚੋਪੜਾ ਤੇ ਮਿਤਾਲੀ ਰਾਜ 'ਖੇਲ ਰਤਨ ਐਵਾਰਡ' ਲਈ ਨਾਮਜ਼ਦ

ਨਵੀਂ ਦਿੱਲੀ, 27 ਅਕਤੂਬਰ, (ਪੋਸਟ ਬਿਊਰੋ)- ਭਾਰਤ ਵਿੱਚ ਖੇਡਾਂ ਬਾਰੇ ਸਭ ਤੋਂ ਵੱਡੇ ਐਵਾਰਡ, ਖੇਲ ਰਤਨ ਵਾਸਤੇ ਅਥਲੀਟ ਨੀਰਜ ਚੋਪੜਾ ਸਮੇਤ 11 ਖਿਡਾਰੀਆਂ ਦੇ ਨਾਵਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਰਾਸ਼ਟਰੀ ਖੇਡ ਐਵਾਰਡ ਕਮੇਟੀ ਨੇ ਅੱਜ ਬੁੱਧਵਾਰ ਨੂੰ ਭਾਰਤ ਦੇ ਸਰਬ ਉੱਚ ਖੇਡ ਸਨਮਾਨ 'ਮੇਜਰ ਧਿਆਨ ਚੰਦ ਖੇਲ ਰਤਨ ਐਵਾਰਡ' ਲਈ ਅਥਲੀਟਾਂ ਦੇ ਨਾਵਾਂ ਦੀ ਸਿਫ਼ਾਰਸ਼ ਕੀਤੀ ਹੈ, ਜਿਸ ਵਿੱਚ ਟੋਕੀਓ ਓਲੰਪਿਕ 2020 ਦੌਰਾਨ ਜੈਵਲਿਨ ਥਰੋਅ ਵਿੱਚ ਸੋਨ ਤਗਮਾ ਜਿੱਤਣ ਵਾਲੇ ਨੀਰਜ ਚੋਪੜਾ ਦੇ ਨਾਲ ਰਵੀ ਦਹੀਆ, ਪੀਆਰ ਸ਼੍ਰੀਜੇਸ਼ ਤੇ ਲਵਲੀਨਾ ਬੋਰਗੋਹਾਈ ਨੂੰ ਇਸ ਲਿਸਟਵਿੱਚ ਸ਼ਾਮਲ ਕੀਤਾ ਗਿਆ ਹੈ। ਤਜਰਬੇਕਾਰ ਭਾਰਤੀ ਮਹਿਲਾ ਕ੍ਰਿਕਟਰ ਮਿਤਾਲੀ ਰਾਜ ਨੂੰ ਵੀ ਸੁਨੀਲ ਛੇਤਰੀ ਦੇ ਨਾਲ ਚੋਟੀ ਦੇ ਇਸ ਸਨਮਾਨ ਲਈ ਨਾਮਜ਼ਦ ਕੀਤਾ ਗਿਆ ਸੀ।

## ਨਿਹੰਗਾਂ ਦੀ ਮਹਾਪੰਚਾਇਤ ਵੱਲੋਂ ਲੋਕਰਾਇ ਨਾਲ ਦਿੱਲੀ ਦੇ ਬਾਰਡਰ ਨਾ ਛੱਡਣ ਦਾ ਐਲਾਨ

### * ਸਿੰਘੂ ਬਾਰਡਰ ਦੇ ਬੈਰੀਕੇਡ ਤੋੜਨ ਦੀ ਕੋਸ਼ਿਸ਼ ਪੁਲਿਸ ਨੇ ਰੋਕੀ

ਸੋਨੀਪਤ, 27 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇਕੁੰਡਲੀ ਬਾਰਡਰ ਉੱਤੇ ਨਿਹੰਗ ਸਿੰਘਾਂ ਦੀ ਅੱਜ ਹੋਈ ਮਹਾਪੰਚਾਇਤ ਵਿੱਚ ਸਰਬ ਸੰਮਤੀ ਨਾਲ ਏਥੇ ਬੈਠੇ ਰਹਿਣ ਦਾ ਫੈਸਲਾ ਕੀਤਾ ਗਿਆ ਹੈ।

ਕਰੀਬ ਪੰਜ ਘੰਟੇ ਤਕ ਚੱਲੀ ਨਿਹੰਗ ਸਿੰਘਾਂ ਦੀ ਮਹਾਪੰਚਾਇਤ ਵਿੱਚਦੇਸ਼-ਵਿਦੇਸ਼ ਦੇ ਜਥੇਦਾਰ ਆਨਲਾਈਨ ਤੇ ਆਫਲਾਈਨ ਸ਼ਾਮਲ ਹੋਏ ਅਤੇ ਆਪੋ ਵਿੱਚਰਾਏ-ਸ਼ੁਮਾਰੀ ਕਰਾਈ ਤਾਂ ਕਰੀਬ 85 ਫ਼ੀਸਦੀ ਜਥੇਦਾਰਾਂ ਨੇ ਬਾਰਡਰ ਉੱਤੇਟਿਕੇ ਰਹਿਣ ਦਾ ਪੱਖ ਲਿਆ। ਇਸ ਮੌਕੇ ਨਿਹੰਗ ਸਿੰਘਾਂ ਦੀਮਹਾਪੰਚਾਇਤ ਨੇ ਧਰਮ ਦੇ ਮਾਮਲੇ ਵਿੱਚ ਕਿਸੇ ਵੀ ਧਿਰ ਦਾ ਦਖਲ ਸਵੀਕਾਰ ਨਾ ਕਰਨ ਦੀ ਚਿਤਾਵਨੀ ਵੀਦਿੱਤੀਹੈ।

ਵਰਨਣ ਯੋਗ ਹੈ ਕਿ ਬੀਤੀ 15 ਅਕਤੂਬਰ ਨੂੰ ਦਿੱਲੀ ਬਾਰਡਰ ਉੱਤੇ ਤਰਨਤਾਰਨ ਜ਼ਿਲੇ ਦੇ ਪਿੰਡ ਚੀਮਾ ਕਲਾਂ ਦੇ ਲਖਬੀਰ ਸਿੰਘ ਨੂੰ ਹੱਥ-ਪੈਰ ਵੱਢ ਕੇ ਮਾਰ ਦਿੱਤਾ ਗਿਆ ਤੇ ਇਸ ਦਾ ਜ਼ਿੰਮਾ ਨਿਹੰਗ ਸਿੰਘਾਂ ਨੇ ਲਿਆ ਸੀ। ਕਿਸਾਨ ਮੋਰਚੇ ਦੇ ਆਗੂਆਂ ਨੇ ਆਪਣੇ ਆਪ ਨੂੰ ਇਸਵਾਰਦਾਤ ਤੋਂ ਵੱਖ ਕਰ ਕੇ ਦੋਸ਼ੀਆਂ ਦੇ ਸਖਤ ਕਾਰਵਾਈ ਦੀ ਹਮਾਇਤ ਕੀਤੀ ਸੀ। ਇਸ ਨਾਲ ਨਾਰਾਜ਼ ਹੋਏ ਨਿਹੰਗ ਸਿੰਘਾਂ ਨੇ



ਕਿਸਾਨਆਗੂਆਂ ਨੂੰ ਬਿਆਨਬਾਜ਼ੀ ਨਾ ਕਰਨ ਦੀ ਸਲਾਹ ਦਿੱਤੀ ਸੀ ਅਤੇ ਇਸਬਾਰੇ ਮਹਾਪੰਚਾਇਤ ਸੱਦਣ ਦਾ ਐਲਾਨ ਕੀਤਾ ਸੀ, ਜਿਸ ਵਿੱਚ ਨਿਹੰਗ ਸਿੰਘਾਂ ਨੇ ਦਿੱਲੀ ਬਾਰਡਰ ਉੱਤੇਕਿਸਾਨਾਂ ਦੇ ਰੋਸ ਪ੍ਰਦਰਸ਼ਨ ਵਿੱਚ ਰਹਿਣ ਜਾਂ ਵਾਪਸ ਜਾਣਬਾਰੇ ਫੈਸਲਾ ਕਰਨਾ ਸੀ।

ਅੱਜ ਦੀ ਨਿਹੰਗ ਸਿੰਘਾਂ ਦੀ ਮਹਾਪੰਚਾਇਤ ਵਿੱਚਆਮ ਰਾਏ ਪਿੱਛੋਂ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਨਿਹੰਗ ਸਿੰਘ ਦਿੱਲੀ ਦੇ ਪ੍ਰਦਰਸ਼ਨ ਤੋਂ ਵਾਪਸ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਉਹ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਦੇ ਸੱਦੇ ਉੱਤੇ ਨਹੀਂ ਆਏ ਤੇ ਨਾ ਉਨ੍ਹਾਂ ਦੇ ਕਹਿਣ ਉੱਤੇ ਵਾਪਸ ਜਾਣਗੇ।ਉਨ੍ਹਾਂ ਇਹ ਵੀ ਕਿਹਾ ਕਿ ਨਿਹੰਗ ਸਿੰਘਾਂ ਨੇ 26 ਜਨਵਰੀ ਨੂੰ ਪ੍ਰਦਰਸ਼ਨਕਾਰੀਆਂ ਨੂੰ ਬਚਾਇਆ ਸੀ, ਵਰਨਾ ਉਸੇ ਦਿਨ ਪ੍ਰਦਰਸ਼ਨ ਖਤਮ ਹੋ ਜਾਂਦਾ।ਅੱਜ ਮਹਾਪੰਚਾਇਤ ਦੇ ਮੰਚ ਤੋਂ ਪਲਵਿੰਦਰ ਸਿੰਘ ਤਲਵਾੜਾ ਨੇ ਕਿਹਾ ਕਿ ਪੂਰੇ ਪੰਜਾਬ ਅਤੇ ਵਿਦੇਸ਼ ਦੀਆਂ ਸੰਗਤਾਂ ਨੇ ਇਹੋ ਸਲਾਹ ਦਿੱਤੀ ਹੈ ਕਿ ਨਿਹੰਗ ਸਿੰਘਾਂ ਨੂੰ ਵਾਪਸ ਨਹੀਂ ਜਾਣਾ ਚਾਹੀਦਾ, ਇੱਥੋਂ ਕੋਈ ਆਰਡਰ ਕਰ ਕੇ ਉਨ੍ਹਾਂ ਨੂੰ ਨਹੀਂ ਕੱਢ ਸਕਦਾਤੇ ਇੱਕ ਸੱਦੇ ਉੱਤੇ ਪੂਰਾ ਪੰਜਾਬ ਏਥੇ ਹਾਜ਼ਰ ਹੋ ਸਕਦਾ ਹੈ, ਇਸ ਲਈ ਕੋਈ ਵੀ ਜਥੇਬੰਦੀ ਵਾਪਸ ਨਹੀਂ ਜਾਵੇਗੀ।

ਨਿਹੰਗ ਸਿੰਘਾਂ ਦੀ ਮਹਾਪੰਚਾਇਤ ਦੇ ਦੌਰਾਨਮੁੱਖ ਬੁਲਾਰੇ ਨਿਹੰਗ ਬਾਬਾ ਕੁਲਵਿੰਦਰ ਸਿੰਘ, ਬਾਬਾ ਜੀਵਨ ਸਿੰਘ,ਚੜ੍ਹਤ ਸਿੰਘਚਮਕੌਰ ਸਾਹਿਬ, ਰਾਜਾ ਰਾਮ ਸਿੰਘ, ਮਾਨ ਸਿੰਘ, ਬੁੱਢਾ ਦਲ ਦੇ ਬਾਬਾ ਬਲਵਿੰਦਰ ਸੰਘ, ਮੋਇਆਂ ਦੀ ਮੰਡੀ ਤੋਂ ਬਾਬਾ ਲਾਲ ਸਿੰਘ, ਸੁਖਪਾਲ ਸਿੰਘ, ਅਮਨ ਸਿੰਘ ਆਦਿ ਸਨ।ਉਨ੍ਹਾਂ ਦਾ ਸਮਰਥਨ ਕਰਨ ਵਾਲਿਆਂ ਵਿੱਚ ਪਲਵਿੰਦਰ ਸਿੰਘ ਤਲਵਾੜਾ, ਗੁਰਦੀਪ ਸਿੰਘ ਯੂਨਾਈਟਿਡ ਅਕਾਲੀ ਦਲ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸਿਮਰਨਜੀਤ ਸਿੰਘ ਮਾਨ, ਦਵਿੰਦਰ ਸਿੰਘ ਨਿਰਭੀਕ ਇੰਟਰਨੈਸ਼ਨਲ ਸੁਸਾਇਟੀ ਬੈਲਜੀਅਮਆਦਿ ਸ਼ਾਮਲ ਹਨ।

ਦੂਸਰੇ ਪਾਸੇ ਅੱਜ ਦੇਰ ਸ਼ਾਮ ਸਿੰਘੂ ਬਾਰਡਰ ਉੱਤੇ ਸਥਿਤੀ ਓਦੋਂ ਤਣਾਅ ਵਾਲੀਬਣ ਗਈ, ਜਦੋਂ ਨਿਹੰਗ ਸਿੰਘਾਂ ਵੱਲੋਂ ਕਤਲ ਕੀਤੇ ਗਏ ਲਖਬੀਰ ਸਿੰਘ ਦੇ ਪਰਿਵਾਰ ਨੂੰ ਮੁਆਵਜ਼ਾ ਤੇ ਇਨਸਾਫ ਦਿਵਾਉਣ ਲਈ ਹਿੰਦ ਮਜ਼ਦੂਰ ਕਿਸਾਨ ਕਮੇਟੀ ਨੇਦਿੱਲੀ ਦੇ ਸਿੰਘੂ ਬਾਰਡਰ ਵੱਲ ਕੂਚ ਕਰ ਦਿੱਤਾ।ਦਿੱਲੀ ਪੁਲਿਸ ਨੇ ਉਨ੍ਹਾਂ ਉੱਤੇ ਹਲਕਾ ਲਾਠੀਚਾਰਜ ਕਰ ਕੇ ਉਨ੍ਹਾਂ ਨੂੰ ਰੋਕਿਆ।ਇਹ ਕਮੇਟੀ ਮੰਗ ਕਰ ਰਹੀ ਹੈ ਕਿ ਲਖਬੀਰ ਸਿੰਘ ਦੇ ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਪਰਿਵਾਰ ਨੂੰ 50 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।

# ਐੱਨ ਸੀ ਬੀਦਾ ਜ਼ੋਨਲ ਡਾਇਰੈਕਟਰ ਸਮੀਰ ਵਾਨਖੇੜੇ ਦੋਹਰੀ ਜਾਂਚ ਵਿੱਚ ਫਸਿਆ

### * ਵਿਜੀਲੈਂਸ ਟੀਮ ਵੱਲੋਂ ਚਾਰ ਘੰਟੇ ਤੱਕ ਪੁੱਛਗਿੱਛ

ਮੁੰਬਈ, 27 ਅਕਤੂਬਰ, (ਪੋਸਟ ਬਿਊਰੋ)- ਮੁੰਬਈ ਨੇੜੇ ਸਮੁੰਦਰ ਵਿੱਚ ਇੱਕ ਕਰੂਜ਼ ਉੱਤੇ ਛਾਪੇ ਦੇ ਬਾਅਦ ਤਲਾਸ਼ੀ ਦੇ ਦੌਰਾਨ ਫਿਲਮੀ ਹੀਰੋ ਸ਼ਾਹਰੁਖ ਖਾਨ ਦੇ ਪੁੱਤਰ ਆਰੀਅਨ ਖ਼ਾਨ ਨੂੰ ਫੜੇ ਜਾਣਕੇਸ ਦੀ ਜਾਂਚ ਕਰਨ ਵਾਲੇ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ ਸੀ ਬੀ) ਦੇ ਮੁੰਬਈ ਦੇ ਜ਼ੋਨਲ ਡਾਇਰੈਕਟਰ ਸਮੀਰ ਵਾਨਖੇੜੇ ਦੋਹਰੀ ਜਾਂਚ ਵਿੱਚ ਫਸਦੇ ਨਜ਼ਰ ਆ ਰਹੇ ਹਨ। ਉਨ੍ਹਾਂ ਵਿਰੁੱਧ ਇਕ ਜਾਂਚ ਮੁੰਬਈ ਪੁਲਿਸ ਕਰ ਰਹੀ ਹੈ, ਦੂਸਰੀ ਉਨ੍ਹਾਂ ਦੇ ਆਪਣੇ ਵਿਭਾਗ ਦੇ ਵਿਜੀਲੈਂਸ ਵਿੰਗ ਨੇ ਸ਼ੁਰੂ ਕੀਤੀ ਹੈ।

ਅੱਜ ਵਿਜੀਲੈਂਸ ਟੀਮ ਨੇ ਸਮੀਰ ਵਾਨਖੇੜੇ ਤੋਂ ਕਰੀਬ ਚਾਰ ਘੰਟੇ ਪੁੱਛਗਿੱਛ ਕੀਤੀ। ਵਾਨਖੇੜੇ ਦੇ ਵਿਰੁੱਧ ਇਹ ਦੋਵੇਂ ਤਰ੍ਹਾਂ ਦੀ ਪੜਤਾਲਾਂ ਆਰੀਅਨ ਖ਼ਾਨ ਕੇਸ ਵਿੱਚ ਉਸ ਛਾਪੇਦੌਰਾਨ ਆਜ਼ਾਦ ਗਵਾਹ ਬਣਾਏ ਪ੍ਰਭਾਕਰ ਸੈਲ ਦਾ ਇਕ ਐਫੀਡੇਵਿਟ ਜਨਤਕ ਤੌਰ ਉੱਤੇ ਸਾਹਮਣੇ ਆਉਣ ਤੋਂ ਬਾਅਦ ਸ਼ੁਰੂ ਹੋਈਆਂ ਹਨ।

ਵਰਨਣ ਯੋਗ ਹੈ ਕਿ ਪ੍ਰਭਾਕਰ ਸੈਲ ਨੇ ਬੀਤੇ ਐਤਵਾਰ ਆਪਣਾ ਐਫੀਡੇਵਿਟ ਇੰਟਰਨੈੱਟ ਮੀਡੀਆ ਰਾਹੀਂ ਜਾਰੀ ਕਰ ਕੇਇਹ ਕਿਹਾ ਸੀ ਕਿ ਆਰੀਅਨ ਖ਼ਾਨ ਕੇਸ ਵਿੱਚਐੱਨ ਸੀ ਬੀ ਨੇ ਉਨ੍ਹਾਂ ਤੋਂ ਗਵਾਹ ਦੇ ਤੌਰ ਉੱਤੇ ਵਿੱਚ 10 ਸਾਦੇ ਕਾਗਜ਼ਾਂ ਉੱਤੇ ਦਸਖ਼ਤ ਕਰਵਾਏ ਸਨ। ਉਸ ਨੇ ਦੋਸ਼ ਲਾਇਆ ਸੀ ਕਿ ਉਸ ਨੇ ਇਸੇ ਕੇਸ ਦੇ ਇਕ ਹੋਰ ਗਵਾਹ ਕਿਰਨ ਗੋਸਾਵੀ ਨੂੰ ਸੈਮ ਡਿਸੂਜ਼ਾ ਨਾਂ ਦੇ ਆਪਣੇ ਦੋਸਤ ਨਾਲ 25 ਕਰੋੜ ਦੀ ਵਸੂਲੀ ਕਰਨ ਦੀ ਗੱਲ ਕਰਦੇ ਸੁਣਿਆ ਸੀ। ਕਿਰਨ ਇਸ ਰਕਮ ਵਿੱਚੋਂ ਅੱਠ ਕਰੋੜ ਰੁਪਏ ਸਮੀਰ ਵਾਨਖੇੜੇ ਨੂੰ ਦੇਣ ਦੀ ਗੱਲ ਕਰ ਰਿਹਾ ਸੀ। ਇਸੇ ਐਫੀਡੇਵਿਟਦੇ ਆਧਾਰ ਉੱਤੇ ਮੁੰਬਈ ਪੁਲਿਸ ਨੇ ਐੱਨ ਸੀ ਬੀ ਅਧਿਕਾਰੀ ਸਮੀਰ ਵਾਨਖੇੜੇ ਦੇ ਖ਼ਿਲਾਫ਼ ਮੁੱਢਲੀ ਜਾਂਚ ਸ਼ੁਰੂ ਕੀਤੀ ਹੈ।

ਪਿਛਲੇ ਮੰਗਲਵਾਰ ਰਾਤ ਡਿਪਟੀ ਕਮਿਸ਼ਨਰ ਪੱਧਰ ਦੇ ਇਕ ਪੁਲਿਸ ਅਧਿਕਾਰੀ ਨੇ ਪ੍ਰਭਾਕਰ ਸੈਲ ਦੇ ਬਿਆਨ ਦਰਜ ਕੀਤੇ ਹਨ ਅਤੇ ਪੁਲਿਸ ਪ੍ਰਭਾਕਰਸੈਲ ਦੇ ਫੋਨ ਰਿਕ-ਾਰਡ ਤੋਂ ਉਸ ਦੀਆਂ ਸਰਗਰਮੀਆਂ ਦੇ ਬਾਰੇ ਸੱਚਾਈ ਲੱਭੇਗੀ, ਕਿਉਂਕਿ ਸੈਲ ਨੇ ਆਪਣੇ ਬਿਆਨ ਵਿੱਚ ਹਾਜ਼ੀ ਅਲੀ ਤੋਂ ਰੁਪਇਆਂ ਨਾਲ ਭਰੇ ਦੋ ਬੈਗ ਲੈਣ ਦਾ ਦਾਅਵਾ ਕੀਤਾ ਹੈ। ਇਸ ਲਈ ਪੁਲਿਸ ਉਸ ਦੀਆਂ ਦੱਸੀਆਂ ਥਾਵਾਂ ਦੇ ਸੀਸੀਟੀ ਵੀ ਫੁੱਟੇਜ ਲੈ ਕੇ ਸਾਰੇ ਤੱਥਾਂ ਦੇ ਆਧਾਰ ਉੱਤੇਬਣਾਈ ਰਿਪੋਰਟ ਸੀਨੀਅਰ ਅਧਿਕਾਰੀਆਂ ਨੂੰ ਸੌਂਪੇਗੀ, ਜਿਹੜੇ ਫ਼ੈਸਲਾ ਕਰਨਗੇ ਕਿ ਇਸ ਬਾਰੇ ਸਮੀਰ ਵਾਨਖੇੜੇ ਦੇ ਖ਼ਿਲਾਫ਼ ਕੇਸ ਦਰਜ ਕੀਤਾ ਜਾਵੇ ਜਾਂ ਨਹੀਂ। ਸਮੀਰ ਵਾਨਖੇੜੇ ਉੱਤੇ ਲਗਾਤਾਰ ਦੋਸ਼ ਲਾਉਂਦੇ ਆ ਰਹੇ ਮਹਾਰਾਸ਼ਟਰ ਸਰਕਾਰ ਦੇ ਮੰਤਰੀ ਨਵਾਬ ਮਲਿਕ ਮੁੱਖ ਮੰਤਰੀ ਊਧਵ ਠਾਕਰੇ ਨੂੰ ਮਿਲ ਕੇ ਇਸ ਕੇਸ ਦੀ ਜਾਂਚ ਦੀ ਮੰਗ ਕਰ ਚੁੱਕੇ ਹਨ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

## ਹਮਲੇ ਦੇ ਸਬੰਧ ਵਿੱਚ ਪੀਲ ਪੁਲਿਸ ਆਫੀਸਰ ਪਵਨ ਸੰਧੂ ਨੂੰ ਕੀਤਾ ਗਿਆ ਗ੍ਰਿਫਤਾਰ

ਟੋਰਾਂਟੋ, 27 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਵਾਪਰੀ ਇੱਕ ਘਟਨਾ ਦੇ ਸਬੰਧ ਵਿੱਚ ਪੀਲ ਪੁਲਿਸ ਅਧਿਕਾਰੀ ਨੂੰ ਹਮਲੇ ਸਬੰਧੀ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੀਲ ਪੁਲਿਸ ਵੱਲੋਂ ਇਸ ਸਬੰਧ ਵਿੱਚ ਕੋਈ ਖਾਸ ਵੇਰਵਾ ਮੁਹੱਈਆ ਨਹੀਂ ਕਰਵਾਇਆ ਗਿਆ ਕਿ ਇਹ ਘਟਨਾ ਕਦੋਂ ਵਾਪਰੀ, ਪਰ ਇਹ ਪਤਾ ਲੱਗਿਆ ਹੈ ਕਿ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸਬੰਧਤ ਪੁਲਿਸ ਅਧਿਕਾਰੀ ਛੁੱਟੀ ਉੱਤੇ ਸੀ। ਬੁੱਧਵਾਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਉਨ੍ਹਾਂ ਦੇ ਇੰਟਰਨਲ ਅਫੇਅਰਜ਼ ਬਿਊਰੋ ਵੱਲੋਂ 26 ਅਕਤੂਬਰ ਨੂੰ ਕਾਂਸਟੇਬਲ ਪਵਨ ਸੰਧੂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਉੱਤੇ ਹਮਲਾ ਕਰਨ,




ਸ਼ਰੀਰਕ ਨੁਕਸਾਨ ਪਹੁੰਚਾਉਣ ਤੇ ਧਮਕੀਆਂ ਦੇਣ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਪਿਛਲੇ ਪੰਜ ਸਾਲਾਂ ਤੋਂ ਪੁਲਿਸ ਮਹਿਕਮੇ ਵਿੱਚ ਕੰਮ ਕਰ ਰਹੇ ਸੰਧੂ ਨੂੰ ਪੁਲਿਸ ਸਰਵਿਸਿਜ਼ ਐਕਟ ਤਹਿਤ ਸਸਪੈਂਡ ਕਰ ਦਿੱਤਾ ਗਿਆ ਹੈ। ਉਸ ਨੂੰ ਅਗਲੇ ਸਾਲ 10 ਜਨਵਰੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲਿਸ ਨੇ ਆਖਿਆ ਕਿ ਅਦਾਲਤੀ ਕਾਰਵਾਈ ਤੋਂ ਬਾਅਦ ਸੰਧੂ ਦੇ ਸਬੰਧ ਵਿੱਚ ਪੁਲਿਸ ਸਰਵਿਸਿਜ਼ ਐਕਟ ਸਬੰਧੀ ਜਾਂਚ ਕੀਤੀ ਜਾਵੇਗੀ।

## ਉਮੀਦ ਨਾਲੋਂ ਪਹਿਲਾਂ ਹੋ ਸਕਦਾ ਹੈ ਵਿਆਜ਼ ਦਰਾਂ ਵਿੱਚ ਵਾਧਾ : ਬੈਂਕ ਆਫ ਕੈਨੇਡਾ

...ਪੰਨਾ 1 ਦਾ ਬਾਕੀ

ਫਿਰ 2023 ਤੱਕ ਇਹ ਦੋ ਫੀ ਸਦੀ ਉੱਤੇ ਮੁੜ ਆਵੇਗੀ। ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਪਿੱਛੇ ਸਪਲਾਈ ਚੇਨ ਵਿੱਚ ਪੈਣ ਵਾਲੇ ਅੜਿੱਕੇ ਜ਼ਿੰਮੇਵਾਰ ਹਨ, ਇਸ ਨਾਲ ਕੰਪਨੀਆਂ ਲਈ ਕੀਮਤਾਂ ਵਧੀਆਂ ਹਨ ਤੇ ਜਿਨ੍ਹਾਂ ਵਸਤਾਂ ਦੀ ਵਧੇਰੇ ਡਿਮਾਂਡ ਹੈ ਉਨ੍ਹਾਂ ਦੀ ਸਪਲਾਈ ਸੀਮਤ ਹੋਈ ਹੈ। ਬੈਂਕ ਨੂੰ ਇਹ ਵੀ ਡਰ ਹੈ ਕਿ ਇਸ ਸਾਲ ਦੇ ਅੰਤ ਵਿੱਚ ਸਪਲਾਈ ਸਬੰਧੀ ਦਿੱਕਤਾਂ ਵੱਧ ਸਕਦੀਆਂ ਹਨ।

ਇਸ ਦੇ ਨਾਲ ਹੀ ਗੈਸੋਲੀਨ ਤੇ ਨੈਚੂਰਲ ਗੈਸ ਦੀਆਂ ਕੀਮਤਾਂ ਵਿੱਚ ਹੋ ਰਹੇ ਵਾਧੇ ਕਾਰਨ ਵੀ ਦਬਾਅ ਬਣਿਆ ਹੋਇਆ ਹੈ। ਬੈਂਕ ਨੇ ਆਖਿਆ ਕਿ ਵਿਆਜ਼ ਦਰਾਂ ਵਿੱਚ ਵਾਧਾ 2022 ਦੀ ਦੂਜੀ ਛਿਮਾਹੀ ਵਿੱਚ ਸ਼ੁਰੂ ਹੋ ਸਕਦਾ ਹੈ। ਸੈਂਟਰਲ ਬੈਂਕ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਜੇ ਕੋਵਿਡ-19 ਮਾਮਲਿਆਂ ਵਿੱਚ ਮੁੜ ਵਾਧਾ ਹੁੰਦਾ ਹੈ ਤਾਂ ਆਰਥਿਕ ਵਿਕਾਸ ਦੀ ਰਫਤਾਰ ਮੁੜ ਘੱਟ ਸਕਦੀ ਹੈ।

## ਮੂਲਵਾਸੀ ਲੋਕਾਂ ਨੇ ਪੋਪ ਤੋਂ ਮੁਆਫੀ ਦੇ ਨਾਲ ਮੁਆਵਜ਼ੇ ਦੀ ਵੀ ਕੀਤੀ ਮੰਗ




ਟੋਰਾਂਟੋ, 27 ਅਕਤੂਬਰ (ਪੋਸਟ ਬਿਊਰੋ) : ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਕੈਥੋਲਿਕ ਚਰਚ ਦੀ ਭੂਮਿਕਾ ਲਈ ਮੁਆਫੀ ਮੰਗਣ ਦੀ ਉੱਠ ਰਹੀ ਮੰਗ ਦਰਮਿਆਨ ਪੋਪ ਫਰਾਂਸਿਜ਼ ਕੈਨੇਡਾ ਦਾ ਦੌਰਾ ਕਰ ਸਕਦੇ ਹਨ। ਇਸ ਦੌਰਾਨ ਮੂਲਵਾਸੀ ਆਗੂਆਂ ਦਾ ਕਹਿਣਾ ਹੈ ਕਿ ਸੁਲ੍ਹਾ ਦਾ ਅਸਲ ਵਿੱਚ ਅਸਰ ਹੋਣ ਲਈ ਪੋਪ ਦਾ ਇਹ ਦੌਰਾ ਸਿਰਫ ਅੱਖਾਂ ਪੂੰਝਣ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਸਗੋਂ ਮੁਆਫੀ ਦੇ ਨਾਲ ਨਾਲ ਮੁਆਵਜ਼ਾ ਵੀ ਸਾਨੂੰ ਮਿਲਣਾ ਚਾਹੀਦਾ ਹੈ।

ਇੱਕ ਬਿਆਨ ਜਾਰੀ ਕਰਕੇ ਬੁੱਧਵਾਰ ਨੂੰ ਵੈਟੀਕਨ ਨੇ ਆਖਿਆ ਕਿ ਪੋਪ ਫਰਾਂਸਿਜ਼ ਕੈਨੇਡਾ ਦਾ ਦੌਰਾ ਕਰਨਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਕੈਨੇਡੀਅਨ ਕਾਨਫਰੰਸ ਆਫ ਕੈਥੋਲਿਕ ਬਿਸ਼ਪਸ ਵੱਲੋਂ ਮੂਲਵਾਸੀ ਲੋਕਾਂ ਨਾਲ ਸੁਲ੍ਹਾ ਦੀ ਕਵਾਇਦ ਨੂੰ ਪੂਰਾ ਕਰਨ ਲਈ ਪੋਪ ਫਰਾਂਸਿਜ਼ ਨੂੰ ਕੈਨੇਡਾ ਆਉਣ ਦਾ ਸੱਦਾ ਦਿੱਤਾ ਗਿਆ ਸੀ, ਜਿਸ ਲਈ ਪੋਪ ਨੇ ਹਾਮੀ ਭਰੀ ਹੈ।

2015 ਵਿੱਚ ਟਰੁੱਥ ਐਂਡ ਰੀਕੌਂਸੀਲਿਏਸ਼ਨ ਕਮਿਸ਼ਨ (ਟੀ ਆਰ ਸੀ) ਵੱਲੋਂ ਇਸ ਮਾਮਲੇ ਵਿੱਚ 94 ਸਿਫਾਰਸ਼ਾਂ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਇੱਕ ਇਹ ਸੀ ਕਿ ਕੈਥੋਲਿਕ ਚਰਚ ਦੀ ਭੂਮਿਕਾ ਲਈ ਪੋਪ ਮੁਆਫੀ ਮੰਗੇ। ਰਾਇਰਸਨ ਯੂਨੀਵਰਸਿਟੀ ਵਿੱਚ ਇੰਡੀਜੀਨਸ ਗਵਰਨੈਂਸ ਦੀ ਚੇਅਰ ਪੈਮ ਪਾਲਮਾਟਰ ਨੇ ਆਖਿਆ ਕਿ ਪੋਪ ਫਰਾਂਸਿਜ਼ ਲਈ ਸਿਰਫ ਕੈਨੇਡਾ ਦਾ ਦੌਰਾ ਕਰਨਾ ਹੀ ਕਾਫੀ ਨਹੀਂ ਹੋਵੇਗਾ।

ਉਨ੍ਹਾਂ ਆਖਿਆ ਕਿ ਟੀ ਆਰ ਸੀ ਸਿਰਫ ਇਹ ਨਹੀਂ ਕਹਿੰਦਾ ਕਿ ਪੋਪ ਕੈਨੇਡਾ ਦਾ ਦੌਰਾ ਕਰਨ, ਪੋਪ ਨੂੰ ਮੁਆਫੀ ਮੰਗਣ ਦੇ ਨਾਲ ਨਾਲ, ਮੂਲਵਾਸੀਆਂ ਲਈ ਫੰਡ ਵੀ ਦੇਣੇ ਚਾਹੀਦੇ ਹਨ ਤੇ ਮਾਰੇ ਗਏ ਬੱਚਿਆਂ ਦੇ ਘਰਵਾਲਿਆਂ ਨੂੰ ਮੁਆਵਜ਼ਾ ਵੀ ਦੇਣਾ ਚਾਹੀਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


ਲੇਡੀ ਵਰਕਰ ਦੀ ਲੋੜ
Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।
ਹੈਂਡੀਮੈਨ ਦੀ ਲੋੜ
ਪਲੰਬਿੰਗ, ਇਲੈਕ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।
ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਫਾਰਮ ਵਰਕਰ ਦੀ ਲੋੜ
ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਮੋਬਾਇਲ: ਪਰਮਿੰਦਰ ਗਰੇਵਾਲ 647-391-1000
ਬਲਵੀਰ ਸਰਪੰਚ 289-541-5384
ਲੇਡੀਜ਼ ਵਰਕਰ ਦੀ ਲੋੜ
ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
705-443-2556

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated


19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE

- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-
Karnail Singh

416.670.3173 | 905.799.7333
27 Edvac Dr, Brampton, ON L6S 5X8

# ਕਿਤਾਬਾਂ ਨਾਲ ਦੋਸਤੀ ਟੁੱਟਦੀ ਹੈ, ਸੋਸ਼ਲ ਮੀਡੀਆ ਹਾਵੀ ਹੈ

ਵਿਜੈ ਗਰਗ

ਕਿਤਾਬਾਂ ਬੰਦ ਅਲਮਾਰੀਆਂ ਦੇ ਸ਼ੀਸ਼ਿਆਂ ਵਿੱਚੋਂ ਝਾਕਦੀਆਂ ਹਨ। ਪਰ ਇੰਟਰਨੈੱਟ ਦੇ ਯੁੱਗ ਵਿੱਚ ਕਿਤਾਬਾਂ ਦਾ ਕ੍ਰੇਜ਼ ਲਗਾਤਾਰ ਘਟਦਾ ਜਾ ਰਿਹਾ ਹੈ। ਸ਼ਹਿਰ ਦੀਆਂ ਲਾਇਬ੍ਰੇਰੀਆਂ ਹੁਣ ਇਤਿਹਾਸ ਬਣ ਗਈਆਂ ਹਨ। ਇੰਟਰਨੈੱਟ ਨੇ ਹੁਣ ਉਨ੍ਹਾਂ ਕਿਤਾਬਾਂ ਦੀ ਥਾਂ ਲੈ ਲਈ ਹੈ ਜਿਨ੍ਹਾਂ ਨੂੰ ਕਦੇ ਮਨੁੱਖ ਦੀ ਸਭ ਤੋਂ ਚੰਗੀ ਦੋਸਤ ਕਿਹਾ ਜਾਂਦਾ ਸੀ। ਹੁਣ ਵੀ ਕਾਲਜ ਦੀਆਂ ਲਾਇਬ੍ਰੇਰੀਆਂ ਵਿੱਚ ਸੰਨਾਟਾ ਛਾਇਆ ਹੋਇਆ ਹੈ।

ਲਾਇਬ੍ਰੇਰੀ ਦੀਆਂ ਕਹਾਣੀਆਂ ਅਤੇ ਕਿਤਾਬਾਂ ਨਾਲ ਪਿਆਰ ਹੁਣ ਬੀਤੇ ਦੀ ਗੱਲ ਹੋ ਗਈ ਹੈ। ਆਲਮ ਇਹ ਹੈ ਕਿ ਸ਼ਹਿਰ ਦੀਆਂ ਵੱਖ-ਵੱਖ ਲਾਇਬ੍ਰੇਰੀਆਂ 'ਚ ਕਿਤਾਬਾਂ ਦੇ ਖਜ਼ਾਨਿਆਂ 'ਤੇ ਮੱਕੜੀਆਂ ਅਤੇ ਧੂੜ ਨੇ ਕਬਜ਼ਾ ਕਰ ਲਿਆ ਹੈ . ਆਪਣੇ ਪਾਠਕਾਂ ਲਈ ਤਰਸਦੀਆਂ ਇਹ ਪੁਸਤਕਾਂ ਆਪਣੀ ਹਾਲਤ 'ਤੇ ਹੰਝੂ ਵਹਾ ਰਹੀਆਂ ਹਨ। ਪੁਰਾਣੀਆਂ ਪੀੜ੍ਹੀਆਂ ਕਿਤਾਬਾਂ ਨੂੰ ਆਪਣਾ ਮਿੱਤਰ ਸਮਝਦੀਆਂ ਸਨ। ਬਜ਼ੁਰਗਾਂ ਅਨੁਸਾਰ ਪਹਿਲਾਂ ਲੋਕ ਦਿਨ ਦੇ ਕਈ ਘੰਟੇ ਲਾਇਬ੍ਰੇਰੀ ਵਿੱਚ ਬਿਤਾਉਂਦੇ ਸਨ। ਪਰ ਅੱਜ ਦੀ ਨੌਜਵਾਨ ਪੀੜ੍ਹੀ ਕਿਤਾਬਾਂ ਤੋਂ ਕੋਹਾਂ ਦੂਰ ਹੈ। ਇਸ ਪੀੜ੍ਹੀ ਦੇ ਕਈ ਨੌਜਵਾਨ ਅਜਿਹੇ ਹਨ, ਜਿਨ੍ਹਾਂ ਨੇ ਲਾਇਬ੍ਰੇਰੀ ਦਾ ਦਰਵਾਜ਼ਾ ਤੱਕ ਨਹੀਂ ਦੇਖਿਆ। ਇਸ ਪੀੜ੍ਹੀ ਨੇ ਸੋਸ਼ਲ ਨੈੱਟਵਰਕਿੰਗ ਸਾਈਟਾਂ ਨੂੰ ਸਿਰਫ ਦੋਸਤ ਹੀ ਨਹੀਂ, ਸਗੋਂ ਆਪਣੀ ਜਾਨ ਵੀ ਸਮਝਣਾ ਸ਼ੁਰੂ ਕਰ ਦਿੱਤਾ ਹੈ। ਨਤੀਜੇ ਵਜੋਂ ਸਕੂਲੀ ਬੱਚੇ ਆਪਣੇ ਸਿਲੇਬਸ ਤੱਕ ਦੀਆਂ ਕਿਤਾਬਾਂ ਹੀ ਪੜ੍ਹ ਰਹੇ ਹਨ। ਬੱਚੇ ਅਤੇ ਮਾਪੇ ਦੋਵੇਂ ਹੀ ਸਾਹਿਤ ਦੀ ਦੁਨੀਆਂ ਤੋਂ ਦੂਰ ਹੁੰਦੇ ਜਾ ਰਹੇ ਹਨ।

## 15 ਫੀਸਦੀ ਵਿਦਿਆਰਥੀ ਲਾਇਬ੍ਰੇਰੀ ਦਾ ਲਾਭ ਲੈ ਰਹੇ ਹਨ

ਜਿੱਥੇ ਕਿਤਾਬਾਂ ਦਾ ਵਧੀਆ ਸੰਗ੍ਰਹਿ ਉਪਲਬਧ ਹੈ। ਇਨ੍ਹਾਂ ਕਾਲਜਾਂ ਵਿੱਚ ਸਕੂਲਾਂ ਨਾਲੋਂ ਕਈ ਗੁਣਾ ਵੱਧ ਕਿਤਾਬਾਂ ਹਨ, ਪਰ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਸਿਰਫ਼ 15 ਫ਼ੀਸਦੀ ਕਿਤਾਬਾਂ ਹੀ ਵਰਤੀਆਂ ਜਾਂਦੀਆਂ ਹਨ। ਪੀਸੀ ਬਾਗਲਾ ਕਾਲਜ ਦੀ ਗੱਲ ਕਰੀਏ ਤਾਂ ਇੱਥੋਂ ਦੀ ਲਾਇਬ੍ਰੇਰੀ ਵਿੱਚ 52 ਹਜ਼ਾਰ ਦੇ ਕਰੀਬ ਕਿਤਾਬਾਂ ਦਾ ਭੰਡਾਰ ਹੈ ਪਰ ਸਿਰਫ਼ 15 ਫ਼ੀਸਦੀ ਵਿਦਿਆਰਥੀ ਹੀ ਕਿਤਾਬਾਂ ਪ੍ਰਤੀ ਰੁਚੀ ਦਿਖਾਉਂਦੇ ਹਨ। ਸ਼ਹਿਰ ਦੀਆਂ ਹੋਰ ਕਈ ਲਾਇਬ੍ਰੇਰੀਆਂ ਅਤੇ ਰੀਡਿੰਗ ਰੂਮਾਂ ਦਾ ਵੀ ਇਹੀ ਹਾਲ ਹੈ। ਇਨ੍ਹਾਂ ਲਾਇਬ੍ਰੇਰੀਆਂ ਵਿੱਚ ਸੇਵਾਮੁਕਤ ਲੋਕ ਹੀ ਨਜ਼ਰ ਆਉਂਦੇ ਹਨ। ਇਨ੍ਹਾਂ ਲਾਇਬ੍ਰੇਰੀਆਂ ਦੇ ਨੇੜੇ ਨੌਜਵਾਨਾਂ ਨੂੰ ਝੂਮਦਾ ਨਜ਼ਰ ਨਹੀਂ ਆਉਂਦਾ।

## ਕਿਤਾਬਾਂ ਦੀ ਥਾਂ ਮੋਬਾਈਲ-ਲੈਪਟਾਪ

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਕੰਪਿਊਟਰ, ਮੋਬਾਈਲ ਅਤੇ ਲੈਪਟਾਪ ਦੇ ਯੁੱਗ ਵਿੱਚ ਨੌਜਵਾਨਾਂ ਨੂੰ ਕਿਤਾਬਾਂ ਤੋਂ ਦੂਰ ਕਰ ਦਿੱਤਾ ਹੈ। ਜਿਸ ਤਰ੍ਹਾਂ ਮੋਬਾਈਲ ਅਤੇ ਲੈਪਟਾਪ ਦੀ ਵਰਤੋਂ ਵਧੀ ਹੈ, ਨੌਜਵਾਨਾਂ ਦੀ ਕਿਤਾਬਾਂ ਪ੍ਰਤੀ ਰੁਚੀ ਵੀ ਘਟੀ ਹੈ। ਹੁਣ ਮੋਬਾਈਲ ਹੀ ਨੌਜਵਾਨਾਂ ਦਾ ਚੰਗਾ ਮਿੱਤਰ ਬਣ ਗਿਆ ਹੈ।

ਵਿਗਿਆਨਕ ਕ੍ਰਾਂਤੀ ਦੇ ਇਸ ਦੌਰ ਵਿੱਚ ਦਿਨੋਂ ਦਿਨ ਨਵੀਆਂ ਕਾਢਾਂ ਹੋ ਰਹੀਆਂ ਹਨ। ਇੰਟਰਨੈੱਟ ਦੀ ਸਹੂਲਤ ਨੇ ਪੂਰੀ ਦੁਨੀਆ ਨੂੰ ਇੱਕ ਧਾਗੇ ਵਿੱਚ ਜੋੜ ਦਿੱਤਾ ਹੈ। ਕੋਈ ਵੀ ਜਾਣਕਾਰੀ ਇੱਕ ਕਲਿੱਕ ਨਾਲ ਕਿਤੇ ਵੀ ਪ੍ਰਾਪਤ ਹੋ ਰਹੀ ਹੈ। ਇਹੀ ਕਾਰਨ ਹੈ ਕਿ ਹੁਣ ਨੌਜਵਾਨਾਂ ਦੀ ਕਿਤਾਬਾਂ ਪ੍ਰਤੀ ਰੁਚੀ ਘਟਦੀ ਜਾ ਰਹੀ ਹੈ।

ਨੌਜਵਾਨ ਪੀੜ੍ਹੀ ਨੂੰ ਲਾਇਬ੍ਰੇਰੀਆਂ ਨਾਲ ਜੋੜੀ ਰੱਖਣ ਲਈ ਰੀਡਿੰਗ ਰੂਮਾਂ ਨੂੰ ਰਵਾਇਤੀ ਤੋਂ ਈ-ਲਾਇਬ੍ਰੇਰੀ ਵਿੱਚ ਤਬਦੀਲ ਕਰਨਾ ਚਾਹੀਦਾ ਹੈ। ਸੋਸ਼ਲ ਮੀਡੀਆ ਦੇ ਯੁੱਗ ਵਿੱਚ ਕਿਤਾਬਾਂ ਦੀ ਮਹੱਤਤਾ ਨੂੰ ਬਰਕਰਾਰ ਰੱਖਣਾ ਪਵੇਗਾ। ਕਿਤਾਬਾਂ ਵਿੱਚੋਂ ਵੀ ਮਹਿੰਗਾਈ ਨੂੰ ਖ਼ਤਮ ਕਰਨਾ ਚਾਹੀਦਾ ਹੈ।

# ਕਸ਼ਮੀਰ 'ਚ ਅੱਤਵਾਦੀਆਂ ਵੱਲੋਂ ਆਮ ਲੋਕਾਂ ਦੇ ਕਤਲ ਬੇਹੱਦ ਅਫਸੋਸਜਨਕ

ਕਸ਼ਮੀਰ 'ਚ ਆਮ ਨਾਗਰਿਕਾਂ 'ਤੇ ਲਗਾਤਾਰ ਹੋ ਰਹੇ ਅੱਤਵਾਦੀ ਹਮਲਿਆਂ ਨੇ ਇਕ ਵਾਰ ਫਿਰ ਸਰਕਾਰ ਦੇ ਸੁਰੱਖਿਆ ਦਾਅਵਿਆਂ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਅੱਤਵਾਦੀ ਸੰਗਠਨਾਂ ਨੇ ਇਸ ਮਹੀਨੇ ਜਿਸ ਤਰ੍ਹਾਂ ਆਮ ਲੋਕਾਂ, ਖਾਸ ਤੌਰ 'ਤੇ ਪਰਵਾਸੀ ਕਾਮਿਆਂ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ, ਉਸ ਤੋਂ ਲੱਗ ਰਿਹਾ ਹੈ ਕਿ ਵਾਦੀ ਮੁੜ 90 ਦੇ ਦਹਾਕੇ ਵਾਲੇ ਹਲਾਤਾਂ ਵੱਲ ਜਾ ਰਹੀ ਹੈ। ਕਸ਼ਮੀਰ ਦੇ ਮੌਜੂਦਾ ਹਲਾਤਾਂ ਦੀ ਗੰਭੀਰਤਾ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਿਰਫ ਪਿਛਲੇ 18 ਦਿਨਾਂ 'ਚ 12 ਲੋਕ ਅੱਤਵਾਦੀ ਹਮਲਿਆਂ 'ਚ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿਚੋਂ 10 ਗੈਰ ਮੁਸਲਮ ਹਨ। ਜਦਕਿ ਇਸ ਸਾਲ ਜਨਵਰੀ ਤੋਂ ਸਤੰਬਰ ਤੱਕ 20 ਆਮ ਨਾਗਰਿਕ ਅੱਤਵਾਦੀ ਹਮਲਿਆਂ ਦੇ ਸ਼ਿਕਾਰ ਹੋਏ ਸਨ।ਯਾਨੀ ਇਸ ਮਹੀਨੇ ਅੱਤਵਾਦੀ ਹਮਲਿਆਂ 'ਚ ਅਚਾਨਕ ਤੇਜੀ ਆਈ ਹੈ। ਹਾਲਾਂਕਿ ਕੇਂਦਰ ਸਰਕਾਰ ਦਾਅਵਾ ਕਰਦੀ ਆਈ ਹੈ ਕਿ ਅਗਸਤ 2019 'ਚ ਜੰਮੂ - ਕਸ਼ਮੀਰ 'ਚੋਂ ਧਾਰਾ 370 ਹਟਾਉਣ ਤੋਂ ਬਾਅਦ ਉਥੇ ਬਚੇ-ਖੁਚੇ ਅੱਤਵਾਦੀਆਂ ਦੇ ਖਾਤਮੇ ਲਈ ਫੌਜ਼ ਅਤੇ ਪੁਲਿਸ ਮੁਹਿੰਮ ਚਲਾ ਰਹੀ ਹੈ। ਪਰ ਜਿਸ ਤਰ੍ਹਾਂ ਅੱਤਵਾਦੀ ਸੰਗਠਨ ਸਿਰ ਚੱਕ ਰਹੇ ਹਨ, ਉਸ ਨੂੰ ਦੇਖਕੇ ਕੌਣ ਕਹੇਗਾ ਕਿ ਅੱਤਵਾਦੀਆਂ 'ਤੇ ਨਕੇਲ ਪਈ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਪਿਛਲੇ ਸਾਲ ਵੀ ਕਸ਼ਮੀਰ 'ਚ ਅੱਤਵਾਦੀਆਂ ਨੇ ਸਿਆਸੀ ਪਾਰਟੀਆਂ ਦੇ ਸਥਾਨਕ ਆਗੂਆਂ ਅਤੇ ਪਾਰਟੀ ਵਰਕਰਾਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਸੀ। ਉਦੋਂ ਵੀ ਡਰ ਦੇ ਮਾਰੇ ਕਈ ਲੋਕਾਂ ਨੇ ਸਿਆਸਤ ਤੋਂ ਤੌਬਾ ਕਰ ਲਈ ਸੀ।ਇਸ ਵਾਰ ਅੱਤਵਾਦੀ ਸੰਗਠਨਾ ਨੇ ਆਮ ਨਾਗਰਿਕਾਂ ਨੂੰ ਮਾਰ ਕੇ ਦਹਿਸ਼ਤ ਫੈਲਾਉਣ ਦੀ ਰਣਨੀਤੀ ਅਪਣਾਈ ਹੈ। ਜਿਸ ਤਰ੍ਹਾਂ ਆਮ ਲੋਕਾਂ ਬਾਰੇ ਪਹਿਲਾਂ ਦੱਸ ਕੇ ਉਨ੍ਹਾਂ ਨੂੰ ਮਾਰਿਆ ਜਾ ਰਿਹਾ ਹੈ, ਉਸਦਾ ਮਕਸਦ ਗੈਰ-ਕਸ਼ਮੀਰੀਆਂ ਅਤੇ ਗੈਰ-ਮੁਸਲਮਾਨਾ ਅੰਦਰ ਖੌਫ ਪੈਦਾ ਕਰਨਾ ਹੀ ਹੈ, ਇਸੇ ਲਈ ਲੱਗ ਰਿਹਾ ਹੈ ਜਿਵੇਂ 90 ਦੇ ਦਹਾਕੇ 'ਚ ਕਸ਼ਮੀਰੀ ਪੰਡਤਾਂ ਨੂੰ ਵਾਦੀ ਛੱਡਣ ਲਈ ਮਜਬੂਰ ਹੋਣਾ ਪਿਆ ਸੀ, ਇਹ ਅੱਤਵਾਦੀ ਸੰਗਠਨ ਮੁੜ ਉਹ ਜਿਹਾ ਮਾਹੌਲ ਸਿਰਜਣਾ ਚਾਹ ਰਹੇ ਹਨ। ਕਸ਼ਮੀਰ 'ਚ ਤਕਰੀਬਨ ਪੰਜ ਲੱਖ ਪਰਵਾਸੀ ਮਜ਼ਦੂਰ ਹਨ, ਜੋ ਭਵਨ ਨਿਰਮਾਣ ,ਖੇਤੀ ਅਤੇ ਹੋਰ ਸਥਾਨਕ ਕਾਰਖਾਨਿਆਂ 'ਚ ਕੰਮ ਕਰਦੇ ਹਨ।ਰੇਹੜੀ ਲਾਉਣ ਅਤੇ ਹੋਰ ਛੋਟੇ ਕੰਮ ਕਰਕੇ ਰੋਜੀ ਰੋਟੀ ਕਮਾਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵੀ ਘੱਟ ਨਹੀਂ ਹੈ। ਅਜਿਹੇ 'ਚ ਜੇਕਰ ਵੱਡੀ ਗਿਣਤੀ 'ਚ ਇਹ ਕਾਮੇ ਆਪਣੇ ਘਰਾਂ ਨੂੰ ਪਰਤਣ ਲੱਗੇ ਤਾਂ ਕਸ਼ਮੀਰ ਦੀ ਅਰਥਵਿਵਸਥਾ ਡਾਂਵਾਡੋਲ ਹੋ ਸਕਦੀ ਹੈ। ਕਸ਼ਮੀਰ ਦੀ ਅਰਥਵਿਵਸਥਾ ਸੈਰ-ਸਪਾਟੇ 'ਤੇ ਟਿਕੀ ਹੈ। ਜੇਕਰ ਇਸੇ ਤਰਾਂ ਅੱਤਵਾਦੀ ਹਮਲੇ ਹੁੰਦੇ ਰਹੇ ਤਾਂ ਕੀ ਲੋਕ ਆਪਣੀ ਜਾਨ ਜ਼ੋਖਮ 'ਚ ਪਾ ਕੇ ਕਸ਼ਮੀਰ ਘੁੰਮਣ ਜਾਣਗੇ? ਕਸ਼ਮੀਰ 'ਚ ਲਗਾਤਾਰ ਹੋ ਰਹੇ ਹਮਲਿਆਂ ਨੂੰ ਅੱਤਵਾਦੀਆਂ ਵੱਲੋਂ ਖੁੰਦਕ 'ਚ ਕੀਤੇ ਗਏ ਹਮਲੇ ਦੱਸ ਕੇ ਜਾਂ ਪਾਕਿਸਤਾਨ ਦੇ ਮੱਥੇ ਇਲਜ਼ਾਮ ਲਾ ਕੇ ਪੱਲਾ ਨਹੀਂ ਝਾੜਿਆ ਜਾ ਸਕਦਾ।ਜੇਕਰ ਫੌਜ਼ ਦੀਆਂ ਅੱਤਵਾਦ ਰੋਕੂ ਮੁਹਿੰਮਾਂ ਦੇ ਬਾਵਜੂਦ ਅੱਤਵਾਦੀ ਸ਼ਰੇਆਮ ਹਮਲੇ ਕਰਕੇ ਲੋਕਾਂ ਨੂੰ ਮਾਰਨ 'ਚ ਕਾਮਯਾਬ ਹੋ ਰਹੇ ਹਨ ਤਾਂ ਇਹ ਕਿਤੇ ਨਾ ਕਿਤੇ ਸੁਰੱਖਿਆ ਸਬੰਧੀ ਰਣਨੀਤੀ 'ਤੇ ਸਵਾਲ ਖੜਾ ਕਰਨ ਵਾਲੀ ਗੱਲ ਹੈ। ਮੌਜੂਦਾ ਸਮੇ 'ਚ ਸਭ ਤੋਂ ਜਰੂਰੀ ਹੈ ਕਿ ਸਰਕਾਰ ਤੁਰੰਤ ਅਜਿਹੇ ਕਦਮ ਚੱਕੇ ਜਿਸ ਨਾਲ ਪ੍ਰਵਾਸੀ ਮਜ਼ਦੂਰਾਂ ਅੰਦਰ ਪੈਦਾ ਹੋਈ ਅਸੁਰੱਖਿਆ ਦੀ ਭਾਵਨਾ ਖਾਤਮ ਹੋਵੇ ਅਤੇ ਉਨ੍ਹਾਂ ਨੂੰ ਆਪਣੇ ਘਰ ਪਰਤਣ ਲਈ ਮਜ਼ਬੂਰ ਨਾ ਹੋਣਾ ਪਵੇ।

ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ, ਬਠਿੰਡਾ



# ਕਾਰਪੋਰੇਟ ਜਗਤ ਦਾ ਵਧਦਾ ਗਲਬਾ

-ਗੁਰਚਰਨ ਸਿੰਘ ਨੂਰਪੁਰ



ਤੁਸੀਂ ਸੋਚਦੇ ਹੋਵੋਗੇ ਕਿ ਜੇ ਸੱਤਰ-ਅੱਸੀ ਦੇ ਦਹਾਕੇ ਦੌਰਾਨ ਭਾਰਤ ਵਿੱਚ ਦਸਵੀਂ-ਬਾਰ੍ਹਵੀਂ ਤੱਕ ਪੜ੍ਹੇ ਬੰਦੇ ਨੂੰ ਸਰਕਾਰੀ ਨੌਕਰੀ ਮਿਲ ਜਾਂਦੀ ਸੀ ਤਾਂ ਅੱਜ ਬੀ ਐੱਡ, ਐੱਮ ਐੱਸ ਸੀ, ਐੱਮ ਟੈੱਕ ਅਤੇ ਪੀ ਐੱਚ ਡੀ ਪੜ੍ਹੇ ਨੌਜਵਾਨਾਂ ਨੂੰ ਚਪੜਾਸੀ ਤੱਕ ਦੀ ਨੌਕਰੀ ਨਸੀਬ ਕਿਉਂ ਨਹੀਂ ਹੁੰਦੀ? ਇਸ ਦਾ ਕਾਰਨ ਹੈ ਕਿ ਇਸ ਸਮੇਂ ਸਾਡੀਆਂ ਸਰਕਾਰਾਂ ਕੋਲ ਲੋਕਾਂ ਨੂੰ ਨੌਕਰੀ ਦੇਣ ਲਈ ਪੈਸਾ ਨਹੀਂ। ਸਿੱਟੇ ਵਜੋਂ ਬਹੁ-ਗਿਣਤੀ ਲੋਕ ਬੇਕਾਰੀ ਕਾਰਨ ਗਰੀਬ ਤੋਂ ਹੋਰ ਗਰੀਬ ਹੋ ਰਹੇ ਹਨ। ਕਰਜ਼ੇ ਦੇ ਸਤਾਏ ਲੋਕ ਖੁਦਕੁਸ਼ੀਆਂ ਕਰ ਰਹੇ ਹਨ। ਦੂਸਰੇ ਪਾਸੇ ਦੇਸ਼ ਦੇ ਧਨਾਢ ਕਾਰਪੋਰੇਟਾਂ, ਬੈਂਕਰਾਂ, ਰਾਜਨੇਤਾਵਾਂ ਕੋਲ ਬੇਤਹਾਸ਼ਾ ਪੈਸਾ ਜਮ੍ਹਾਂ ਹੋ ਰਿਹਾ ਹੈ। ਇੱਕ ਪਾਸੇ ਪੜ੍ਹੇ ਲਿਖੇ ਨੌਜਵਾਨ ਰੁਜ਼ਗਾਰ ਲਈ ਨੌਕਰੀਆਂ ਦੀ ਮੰਗ ਕਰਦੇ ਹਨ ਅਤੇ ਸਰਕਾਰ ਆਖਦੀ ਹੈ ਕਿ ਸਰਕਾਰੀ ਖਜ਼ਾਨੇ ਖਾਲੀ ਹਨ। ਦੂਸਰੇ ਪਾਸੇ ਵੱਖ-ਵੱਖ ਬੈਂਕਾਂ ਦੇ ਕਾਰਿੰਦੇ ਕਰਜ਼ੇ ਦੇਣ ਲਈ ਲੋਕਾਂ ਦੀਆਂ ਮਿੰਨਤਾਂ ਕਰਦੇ ਹਨ। ਦੇਸ਼ ਕੋਲ ਪੈਸਾ ਕਿਉਂ ਨਹੀਂ? ਲੋਕਾਂ ਕੋਲ ਪੈਸਾ ਕਿਉਂ ਨਹੀਂ? ਧਨਾਢ ਕਾਰਪੋਰੇਟ ਤੇ ਇਨ੍ਹਾਂ ਦੇ ਬੈਂਕ ਇਸੇ ਦੇਸ਼ ਵਿੱਚ ਮਾਲਾ-ਮਾਲ ਕਿਵੇਂ ਹੋ ਰਹੇ ਹਨ? ਇਨ੍ਹਾਂ ਸਭ ਸਵਾਲਾਂ ਦਾ ਇੱਕੋ ਜਵਾਬ ਹੈ ਕਿ ਇਹ ਦੇਸ਼ ਤੇ ਦੇਸ਼ ਦੇ ਲੋਕਾਂ ਦਾ ਪੈਸਾ ਹੈ, ਜਿਸ ਦੀ ਤਾਕਤ ਨਾਲ ਅੱਜ ਕਾਰਪੋਰੇਟ ਵੱਡੇ ਵੱਡੇ ਸੌਦੇ ਕਰ ਰਹੇ ਹਨ।

ਭਾਰਤ ਨੇ ਦਹਾਕਿਆਂ ਦੀ ਮਿਹਨਤ ਨਾਲ ਹਵਾਈ ਅੱਡੇ, ਹਵਾਈ ਕੰਪਨੀਆਂ, ਤੇਲ ਕੰਪਨੀਆਂ, ਬਿਜਲੀ ਲਾਈਨਾਂ ਦਾ ਜਾਲ, ਰੇਲਵੇ ਟਰੈਕ ਅਤੇ ਹੋਰ ਜਨਤਕ ਸੇਵਾਵਾਂ ਦੇਣ ਵਾਲੇ ਅਦਾਰੇ ਖੜ੍ਹੇ ਕੀਤੇ ਸਨ, ਜਿਨ੍ਹਾਂ ਤੋਂ ਦੇਸ਼ ਨੂੰ ਮੋਟੀ ਕਮਾਈ ਹੁੰਦੀ ਸੀ। ਉਹ ਸਭ ਕੁਝ ਦੇਸ਼ ਦੀ ਅਜੋਕੀ ਸਰਕਾਰ ਥਾਲੀ ਵਿੱਚ ਪਰੋਸ ਕੇ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਪੇਸ਼ ਕਰਨ ਨੂੰ ਕਾਹਲੀ ਹੈ। ਖੇਤੀ ਖੇਤਰ ਲਈ ਬਣਾਏ ਤਿੰਨ ਲੋਕ ਮਾਰੂ ਕਾਨੂੰਨ ਵੀ ਇਸੇ ਕੜੀ ਦਾ ਹਿੱਸਾ ਹਨ। ਲੱਖਾਂ ਕਿਸਾਨਾਂ ਦੇ ਵਿਰੋਧ ਦੇ ਬਾਵਜੂਦ ਲੋਕ ਮਾਰੂ ਕਾਨੂੰਨ ਲਾਗੂ ਕਰ ਕੇ ਸਰਕਾਰ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਖੁਸ਼ ਕਰਨਾ ਚਾਹੁੰਦੀ ਹੈ।

ਕੋਵਿਡ ਦੀ ਮਹਾਮਾਰੀ ਦੌਰਾਨ ਜਦੋਂ ਲੱਖਾਂ ਲੋਕਾਂ ਦੇ ਕਾਰੋਬਾਰ ਬੰਦ ਹੋ ਗਏ, ਭਾਰਤ ਦੀ ਜੀ ਡੀ ਪੀ ਮਾਈਨਸ 23 ਤੱਕ ਤਿਲਕ ਗਈ, ਲੋਕਾਂ ਦੇ ਰੁਜ਼ਗਾਰ ਖੁੱਸ ਗਏਮ ਦੇਸ਼ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੋ ਗਈ, ਓਦੋਂ ਵੀ ਵੱਡੇ ਕਾਰਪੋਰੇਟ ਘਰਾਣੇ ਹਰ ਰੋਜ਼ ਸੈਂਕੜੇ ਕਰੋੜ ਕਮਾ ਰਹੇ ਸਨ। ਦੇਸ਼ ਦੇ ਹਾਲਾਤ ਅੱਜ ਇਹ ਹਨ ਕਿ ਰਾਜਾਂ ਕੋਲ ਪੈਸਾ ਨਹੀਂ ਅਤੇ ਨਵੀ ਭਰਤੀਆਂ, ਵਿਕਾਸ ਦੇ ਕਾਰਜ ਅਤੇ ਵੱਖ-ਵੱਖ ਅਦਾਰਿਆਂ ਨੂੰ ਦਿੱਤੇ ਜਾਂਦੇ ਫੰਡਾਂ ਵਿੱਚ ਕਟੌਤੀ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਕਰਜ਼ਾਈ ਹੈ। ਦੇਸ਼ ਵਿੱਚ ਰਿਕਾਰਡ ਗਿਣਤੀ ਵਿੱਚ ਉਚ ਯੋਗਤਾ ਪ੍ਰਾਪਤ ਨੌਜਵਾਨ ਬੇਰੁਜ਼ਗਾਰ ਹਨ। ਸਰਕਾਰਾਂ ਕੋਲ ਨਵੀਆਂ ਭਰਤੀ ਲਈ ਪੈਸਾ ਨਹੀਂ। ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ ਦੇ ਸਿਰ ਕਰਜ਼ਿਆਂ ਦੀਆਂ ਪੰਡਾਂ ਹਨ। ਦੇਸ਼ ਦੇ ਕਾਰਪੋਰੇਟਾਂ ਕੋਲ ਬੇਤਹਾਸ਼ਾ ਪੈਸਾ ਹੈ, ਜਿਸ ਨਾਲ ਉਹ ਵੱਡੇ ਸੌਦੇ ਕਰਨ ਲਈ ਕਾਹਲੇ ਹਨ।

ਪੂੰਜੀਵਾਦੀ ਜਮਾਤਾਂ ਅਜਿਹੇ ਸ਼ਾਤਿਰ ਢੰਗ ਨਾਲ ਕੰਮ ਕਰਦੀਆਂ ਹਨ ਕਿ ਕਈ ਵਾਰ ਲੋਕਾਂ ਨੂੰ ਕਈ ਸਾਲਾਂ ਤੱਕ ਲੁੱਟੇ ਜਾਣ ਦੀ ਸਮਝ ਨਹੀਂ ਪੈਂਦੀ। ਬੜੀ ਸਾਜ਼ਿਸ਼ ਤਹਿਤ ਕੁਝ ਤਰਜੀਹਾਂ ਨੂੰ ਏਦਾਂ ਅੱਗੇ ਵਧਾਇਆ ਜਾਂਦਾ ਹੈ ਕਿ ਲੋਕ ਸਰਕਾਰੀ ਪ੍ਰਬੰਧ ਤੋਂ ਖੁਦ ਹੀ ਖਹਿੜਾ ਛੁਡਾਉਣ ਲਈ ਤਿਆਰ ਹੋ ਜਾਂਦੇ ਹਨ। ਇਹੋ ਕਾਰਨ ਸੀ ਕਿ ਪਿਛਲੇ ਅਰਸੇ ਦੌਰਾਨ ਦੇਸ਼ ਦੇ ਜਨਤਕ ਅਦਾਰਿਆਂ ਨੂੰ ਧੜਾ ਧੜ ਵੇਚਿਆ ਗਿਆ, ਪਰ ਇਸ ਦਾ ਕੋਈ ਝਾਸ ਵਿਰੋਧ ਨਹੀਂ ਹੋਇਆ। ਪੂੰਜੀਵਾਦ ਦੇ ਕੰਮ-ਢੰਗ ਉੱਤੇ ਦੁਨੀਆ ਭਰ ਵਿੱਚ ਬਹੁਤ ਕੁਝ ਲਿਖਿਆ ਅਤੇ ਪੜ੍ਹਿਆ ਜਾ ਰਿਹਾ ਹੈ। ਇਸ ਵਿਸ਼ੇ ਉੱਤੇ ਲਿਖੀਆਂ ਕਿਤਾਬਾਂ ਵਿੱਚੋਂ ਅੰਗਰੇਜ਼ ਲੇਖਿਕਾ ਨਓਮੀ ਕਲੇਨ ਦੀ ਕਿਤਾਬ 'ਸਦਮਾ ਸਿਧਾਂਤ' ('ਦਿ ਸ਼ੌਕ ਡੌਕਟਰਿਨ' ਦਿ ਰਾਈਜ਼ ਆਫ ਡਿਜ਼ਾਸਟਰ ਕੈਪਟਲਿਜ਼ਮ) ਬਹੁਤ ਚਰਚਿਤ ਹੈ, ਜੋ ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਘੁੰਮ ਕੇ, ਅਧਿਐਨ ਕਰ ਕੇ ਲਿਖੀ ਸੀ। ਇਸ ਵਿੱਚ ਕਾਰਪੋਰੇਟ ਤਾਕਤਾਂ ਦੇ ਵੱਖ-ਵੱਖ ਦੇਸ਼ਾਂ ਵਿੱਚ ਕੰਮ ਕਰਨ ਦੇ ਢੰਗਾਂ ਦਾ ਅਧਿਐਨ ਕੀਤਾ ਗਿਆ ਹੈ। ਲੇਖਿਕਾ ਦੇ ਅਨੁਸਾਰ 'ਸਦਮਾ ਸਿਧਾਂਤ' ਸ਼ਿਕਾਗੋ ਦੇ ਅਰਥ ਸ਼ਾਸਤਰੀ ਪ੍ਰੋਫੈਸਰ ਫਰਾਇਡਮੈਨ ਦੇ ਦਿਮਾਗ ਦੀ ਕਾਢ ਸੀ। ਉਸ ਨੂੰ ਇਸ ਦਾ ਗਿਆਨ ਸੱਤਰਵਿਆਂ ਦੇ ਆਸ ਪਾਸ ਹੋਇਆ। ਨਿੱਜੀਕਰਨ ਨੀਤੀਆਂ ਨੂੰ ਅੱਗੇ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਉਣ ਵਾਲੇ ਫਰਾਇਡਮੈਨ ਦਾ ਏਜੰਡਾ ਸੀ ਕਿ ਪਹਿਲਾਂ ਸਰਕਾਰਾਂ ਨੂੰ ਆਪਣੇ ਮੁਨਾਫੇ ਬਟੋਰਨ ਦੇ ਰਾਹ ਦਾ ਰੋੜਾ ਬਣਨ ਵਾਲੇ ਸਾਰੇ ਕਾਨੂੰਨ ਖਤਮ ਕਰਨੇ ਪੈਣਗੇ। ਉਸ ਅਨੁਸਾਰ ਜਦੋਂ ਲੋਕ ਕੁਦਰਤੀ ਆਫਤਾਂ ਨਾਲ ਸਦਮੇ ਵਿੱਚ ਹੋਣ ਉਦੋਂ ਜਾਂ ਨਕਲੀ ਢੰਗ ਨਾਲ ਉਨ੍ਹਾਂ ਨੂੰ ਸਦਮੇ ਦੇ ਕੇ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਕਿ ਲੋਕਾਂ ਦੇ ਹੌਸਲੇ ਪਸਤ ਹੋ ਜਾਣ, ਲੋਕ ਜੜ੍ਹਾਂ ਤੋਂ ਹਿੱਲ ਜਾਣ, ਸਮਾਜ ਵਿੱਚ ਜਦੋਂ ਉਥਲ-ਪੁਥਲ ਅਤੇ ਬੇਵਿਸਵਾਸੀ ਦਾ ਮਾਹੌਲ ਹੋਵੇ ਤਾਂ ਇਹੀ ਸਹੀ ਸਮਾਂ ਹੁੰਦਾ ਹੈ ਕਿ ਕਾਰਪੋਰੇਸ਼ਨਾਂ ਆਪਣੀਆਂ ਮੁਨਾਫਾ ਬਟੋਰੂ ਨੀਤੀਆਂ ਨੂੰ ਬੜੀ ਆਸਾਨੀ ਨਾਲ ਅੱਗੇ ਵਧਾ ਸਕਦੀਆਂ ਹਨ। ਦੂਸਰਾ ਸਰਕਾਰਾਂ ਆਪਣੇ ਪਬਲਿਕ ਸੈਕਟਰ ਦੇ ਸਾਰੇ ਅਸਾਸੇ ਵੇਚ ਦੇਣ ਤਾਂ ਜੋ ਕਾਰਪੋਰੇਸ਼ਨਾਂ ਨੂੰ ਮੁਨਾਫੇ ਹੋਣੇ ਸ਼ੁਰੂ ਹੋ ਜਾਣ। ਤੀਸਰਾ ਸਰਕਾਰਾਂ ਸਮਾਜਕ ਪ੍ਰੋਗਰਾਮਾਂ ਲਈ ਦਿੱਤੇ ਜਾਂਦੇ ਫੰਡਾਂ, ਸਬਸਿਡੀਆਂ ਵਿੱਚ ਤਿੱਖੀਆਂ ਕਟੌਤੀਆਂ ਕਰਨ। ਕਾਰਪੋਰੇਸ਼ਨਾਂ ਨੂੰ ਕਿਤੇ ਵੀ ਮਾਲ ਵੇਚਣ ਦੀ ਖੁੱਲ੍ਹ ਹੋ ਜਾਵੇ। ਫਰਾਇਡਮੈਨ ਨੇ ਸਿਹਤ ਸਹੂਲਤਾਂ, ਡਾਕ ਸੇਵਾਵਾਂ, ਸਿੱਖਿਆ, ਬਿਜਲੀ, ਥਰਮਲ ਪਲਾਂਟ, ਖਾਣਾਂ, ਪਾਣੀ, ਸੜਕਾਂ, ਪੈਨਸ਼ਨ, ਇੱਥੋਂ ਤੱਕ ਕਿ ਨੈਸ਼ਨਲ ਪਾਰਕ ਤੱਕ ਵੇਚਣ ਦੀ ਸਲਾਹ ਦੇ ਦਿੱਤੀ। ਸਵਾਲ ਇਹ ਹੈ ਕਿ ਜੇ ਸਭ ਕੁਝ ਪ੍ਰਾਈਵੇਟ ਪੂੰਜੀਪਤੀਆਂ ਦੇ ਹੱਥ ਦੇ ਦੇਣਾ ਹੈ ਤਾਂ ਸਰਕਾਰ ਦਾ ਕੀ ਰੋਲ ਰਹਿ ਜਾਵੇਗਾ। ਹਕੀਕਤ ਇਹ ਹੈ ਕਿ ਸਰਕਾਰ ਪੂੰਜੀਪਤੀਆਂ ਅਤੇ ਲੋਕਾਂ ਵਿਚਾਲੇ ਪ੍ਰਾਪਰਟੀ ਡੀਲਰ ਦਾ ਰੋਲ ਅਦਾ ਕਰੇਗੀ।

ਜੇ ਫਰਾਇਡਮੈਨ ਦੇ ਲੋਕ ਮਾਰੂ ਪੂੰਜੀਵਾਦੀ ਸਿਧਾਂਤ ਨੂੰ ਭਾਰਤ ਦੇ ਪ੍ਰਸੰਗ ਵਿੱਚ ਸਮਝੀਏ ਤਾਂ ਸਾਨੂੰ ਸਭ ਘਟਨਾਵਾਂ ਸਾਫ ਨਜ਼ਰ ਆਉਣ ਲੱਗ ਪੈਣਗੀਆਂ। ਇੱਥੇ ਵੀ ਜਦੋਂ ਕੋਵਿਡ ਦਾ ਦੌਰ ਸੀ, ਲੋਕ ਸਹਿਮ ਵਿੱਚ ਸਨ ਤਾਂ ਇਸ ਦੌਰਾਨ ਦੇਸ਼ ਦੇ ਕਈ ਹਵਾਈ ਅੱਡੇ ਤੇ ਰੇਲਵੇ ਦਾ ਕੁਝ ਹਿੱਸਾ ਅਡਾਨੀ ਗਰੁੱਪ ਨੂੰ ਵੇਚ ਦਿੱਤਾ। ਲੋਕਾਂ ਨੂੰ ਕੋਰੋਨਾ-ਕੋਰੋਨਾ ਦੀ ਦੁਹਾਈ ਦੇ ਕੇ ਕਾਹਲੀ ਨਾਲ ਖੇਤੀ ਸੰਬੰਧੀ ਤਿੰਨ ਬਿੱਲ ਲਿਆਂਦੇ ਗਏ ਤੇ ਫਿਰ ਇਨ੍ਹਾਂ ਨੂੰ ਸਾਜ਼ਿਸ਼ ਨਾਲ ਪਾਸ ਵੀ ਕਰਵਾ ਲਿਆ, ਜਿਸ ਦਾ ਵਿਰੋਧ ਦੇਸ਼ ਦੇ ਲੱਖਾਂ ਕਿਸਾਨ ਦਿੱਲੀ ਦੀਆਂ ਦੇ ਬਾਰਡਰਾਂ ਉੱਤੇ ਕਰ ਰਹੇ ਹਨ।

ਸਮੇਂ ਦਾ ਸੱਚ ਇਹ ਹੈ ਕਿ ਅੱਜ ਅਸੀਂ ਜਿਸ ਦੁਨੀਆ ਵਿੱਚ ਵਿਚਰ ਰਹੇ ਹਾਂ, ਉਹਦੀ ਹਕੀਕਤ ਕੁਝ ਹੋਰ ਹੈ ਤੇ ਸਾਨੂੰ ਦਿਖਾਇਆ ਕੁਝ ਹੋਰ ਹੀ ਜਾਂਦਾ ਹੈ। ਲੋਕਤੰਤਰੀ ਢੰਗ ਨਾਲ ਚੁਣੀਆਂ ਸਰਕਾਰਾਂ ਲੋਕ ਮਾਰੂ ਫੈਸਲੇ ਕਰ ਕੇਤਾਨਾਸ਼ਾਹੀ ਢੰਗ ਨਾਲ ਲਾਗੂ ਕਰਵਾ ਕੇ ਇਸ ਨੂੰ ਆਪਣੀਆਂ ਪ੍ਰਾਪਤੀਆਂ ਦੱਸਦੀਆਂ ਹਨ। ਦੇਸ਼ ਨੂੰ ਜਿੱਥੇ ਅੱਜ ਲੋਕ ਪੱਖੀ, ਆਤਮ ਨਿਰਭਰ ਤੇ ਵਾਤਾਵਰਣ ਪੱਖੀ ਵਿਕਾਸ ਮਾਡਲ ਦੀ ਲੋੜ ਹੈ, ਉਥੇ ਲੋਕਾਂ ਦੇ ਹਿੱਤਾਂ ਲਈ ਦੇਸ਼ ਵਿੱਚ ਲੋਕ ਪੱਖੀ ਨਿਜ਼ਾਮ ਦੀ ਮੁੜ ਉਸਾਰੀ ਕਰਨ ਦੀ ਵੱਡੀ ਲੋੜ ਹੈ। ਹਰ ਪੰਜ ਸਾਲ ਬਾਅਦ ਵੋਟਾਂ ਨਾਲ ਸਾਡੇ ਲਈ ਚੰਗਾ ਹੋਣ ਦਾ ਭਰਮ ਸਿਰਜਿਆ ਜਾਂਦਾ ਹੈ। ਇਸ ਭਰਮ ਦੀ ਉਡੀਕ ਵਿੱਚ ਅਗਲੇ ਪੰਜ ਸਾਲ ਬੀਤ ਜਾਂਦੇ ਹਨ। ਇਹ ਭਰਮ ਮਸਲਿਆਂ ਤੇ ਸਮੱਸਿਆਵਾਂ ਨੂੰ ਦਿਨ ਰਾਤ ਵੱਡਾ ਕਰ ਰਿਹਾ ਹੈ। ਸਮਾਂ ਆ ਗਿਆ ਹੈ ਕਿ ਅਸੀਂ ਇਸ ਭਰਮ ਤੋਂ ਨਿਕਲੀਏ। ਸਾਨੂੰ ਬਹੁਤ ਵੱਡੇ ਸਬਜ਼ਬਾਗ ਵਿਖਾਏ ਜਾ ਰਹੇ ਹਨ, ਪਰ ਦੇਸ਼ ਦੀਆਂ ਹਕੀਕਤਾਂ ਇਸ ਤੋਂ ਉਲਟ ਹਨ।

ਕਿਸਾਨ ਅੰਦੋਲਨ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਆਪਣੇ ਹਿੱਤਾਂ ਦੀ ਰਾਖੀ ਲਈ ਸੜਕਾਂ ਉੱਤੇ ਨਿਤਰੇ ਹਨ। ਕਿਸਾਨ ਸੰਘਰਸ਼ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਇਹ ਤਿੰਨ ਬਿੱਲਾਂ ਨੂੰ ਵਾਪਸ ਕਰਾਉਣ ਤੱਕ ਸੀਮਿਤ ਨਹੀਂ ਰਹੇਗਾ, ਇਸ ਨਾਲ ਜਿੱਥੇ ਨਵੀਂ ਲੀਡਰਸ਼ਿਪ ਪੈਦਾ ਹੋਵੇਗੀ, ਉਥੇ ਇਹ ਹੋਰ ਨਵੀਆਂ ਸੰਭਾਵਨਾਵਾਂ ਜੋ ਅਖੌਤੀ ਵਿਕਾਸ ਮਾਡਲ ਨੂੰ ਚੁਣੌਤੀ ਦੇ ਸਕਦੀਆਂ ਹੋਣ, ਨੂੰ ਪੈਦਾ ਕਰਨ ਦਾ ਸਬੱਬ ਬਣੇਗਾ।

ਭਾਰਤ ਵਿੱਚ ਇਹ ਪਹਿਲੀ ਵਾਰ ਹੈ ਕਿ ਵੱਡੀ ਗਿਣਤੀ ਵਿੱਚ ਲੋਕਾਂ ਨੇ ਪੂੰਜੀਵਾਦ ਦੀ ਚਾਲ ਨੂੰ ਸਮਝਿਆ ਹੈ। ਪੂੰਜੀਵਾਦ ਅਜਿਹਾ ਖਤਰਨਾਕ ਲੋਕ ਮਾਰੂ ਪ੍ਰਬੰਧ ਹੈ, ਜੋ ਸਾਡੀ ਧਰਤੀ ਦੀ ਹਰ ਸ਼ੈਅ ਨੂੰ ਤੇਜ਼ੀ ਨਾਲ ਨਿਗਲਦਾ ਜਾਂਦਾ ਹੈ। ਇਹ ਸਾਡੇ ਵਜੂਦ ਤੇ ਸੁਫਨਿਆਂ ਦੀ ਕਾਂਟ-ਛਾਂਟ ਕਰ ਕੇ ਇਸ ਨੂੰ ਬੌਣਾ ਬਣਾਉਣ ਦੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਅੱਜ ਲੋੜ ਹੈ ਕਿ ਅਸੀਂ ਪੂੰਜੀਵਾਦੀ ਲੋਕ ਮਾਰੂ ਨੀਤੀਆਂ ਨੂੰ ਆਮ ਲੋਕਾਂ ਦੀ ਸਮਝ ਦਾ ਹਿੱਸਾ ਬਣਾਈਏ। ਪੂੰਜੀਵਾਦੀ ਵਿਕਾਸ ਮਾਡਲ ਇੱਕ ਤਰ੍ਹਾਂ ਅਦਿੱਖ ਗੁਲਾਮੀ ਦਾ ਜਾਲ ਹੈ। ਸਾਨੂੰ ਹਰ ਇੱਕ ਨੂੰ ਇਸ ਬਾਰੇ ਸੋਚਣ ਦੀ ਲੋੜ ਹੈ।

## ਹਲਕਾ ਫੁਲਕਾ

ਮਾਂ (ਸ਼ਰਾਰਤੀ ਪੁੱਤਰ ਨੂੰ), ''ਜਦੋਂ ਵੀ ਤੂੰ ਕੋਈ ਗਲਤੀ ਕਰਦਾ ਏਂ ਤਾਂ ਮੈਨੂੰ ਤੇਰੀ ਇੰਨੀ ਚਿੰਤਾ ਹੋ ਜਾਂਦੀ ਹੈ ਕਿ ਮੇਰੇ ਸਿਰ ਦਾ ਇੱਕ ਵਾਲ ਸਫੈਦ ਹੋ ਜਾਂਦਾ ਹੈ, ਪਰ ਤੂੰ ਹੈਂ ਕਿ ਗਲਤੀਆਂ ਕਰਨ ਤੋਂ ਬਾਜ਼ ਨਹੀਂ ਆਉਂਦਾ।''

ਪੁੱਤਰ ਬੋਲਿਆ, ''ਓ! ਅੱਜ ਸਮਝ ਆਇਆ। ਜ਼ਰੂਰ ਤੁਸੀਂ ਬਹੁਤ-ਸਾਰੀਆਂ ਗਲਤੀਆਂ ਕੀਤੀਆਂ ਹੋਣਗੀਆਂ, ਤਾਂ ਹੀ ਨਾਨੀ ਮਾਂ ਦੇ ਸਿਰ ਦੇ ਸਾਰੇ ਵਾਲ ਸਫੈਦ ਹੋ ਗਏ ਹਨ।''

********

ਇੱਕ ਵਿਅਕਤੀ ਬਿਜਲੀ ਦੇ ਯੰਤਰ ਵਰਤਣ ਤੋਂ ਬਹੁਤ ਘਬਰਾਉਂਦਾ ਰਹਿੰਦਾ ਸੀ ਕਿ ਕਿਤੇ ਕਰੰਟ ਨਾ ਲੱਗ ਜਾਵੇ, ਕਿਉਂਕਿ ਇਹ ਜਾਨਲੇਵਾ ਹੋ ਸਕਦਾ ਹੈ।

ਇੱਕ ਦਿਨ ਉਸ ਦੀ ਪਤਨੀ ਨੇ ਜਦੋਂ ਕੱਪੜੇ ਪ੍ਰੈੱਸ ਕਰਨ ਦੇ ਲਈ ਇਲੈਕਟ੍ਰਿਕ ਪ੍ਰੈੱਸ ਲਗਾਈ ਤਾਂ ਉਸ ਨੇ ਜ਼ੋਰ ਦੇ ਕੇ ਕਿਹਾ, ''ਠਹਿਰੋ, ਪਹਿਲਾਂ ਬਿਜਲੀ ਦਾ ਮੇਨ ਸਵਿੱਚ ਬੰਦ ਕਰ ਲਵਾਂ।''

********

ਇੱਕ ਬੱਚੇ ਨੂੰ ਦੰਦ ਦਰਦ ਹੋਣ ਲੱਗਾ ਤਾਂ ਉਸ ਦੇ ਪਿਤਾ ਉਸ ਨੂੰ ਡੈਂਟਿਸਟ ਦੇ ਕੋਲ ਲੈ ਗਏ। ਚੈਕਅਪ ਦੇ ਬਾਅਦ ਉਸ ਨੇ ਦੱਸਿਆ ਕਿ ਦਾੜ੍ਹ ਵਿੱਚ ਖੋੜ ਹੈ, ਜਿਸ ਨੂੰ ਭਰਨਾ ਪਵੇਗਾ।

ਦਵਾਈ ਨਾਲ ਦਰਦ ਠੀਕ ਹੋਣ ਉੱਤੇ ਡੈਂਟਿਸਟ ਨੇ ਪੁੱਛਿਆ, ''ਇਸ ਦੀ ਖੋੜ ਵਿੱਚ ਕੀ ਭਰਾਂ, ਚਾਂਦੀ ਜਾਂ...।''

ਬੱਚੇ ਨੇ ਵਿਚਕਾਰ ਹੀ ਟੋਕ ਕੇ ਕਿਹਾ, ''ਜੀ ਚਾਕਲੇਟ।''

# 'ਸ਼ਰਬਤੀ ਅੱਖਾਂ ਸੁਰਮੇ ਨਾਲ ਸਜਾਈਆਂ'



ਜਿਵੇਂ - ਜਿਵੇਂ ਸਮਾਂ ਬਤੀਤ ਹੁੰਦਾ ਹੈ , ਕਈ ਤਰ੍ਹਾਂ ਦੀਆਂ ਨਵੀਂਆਂ - ਨਵੀਂਆਂ ਵਸਤਾਂ ਸਾਡੇ ਜੀਵਨ ਵਿੱਚ ਆਉਂਦੀਆਂ ਹਨ ਤੇ ਕਈ ਚੀਜ਼ਾਂ ਸਮੇਂ ਦੀ ਤੋਰ ਦੇ ਨਾਲ - ਨਾਲ ਸਾਡੇ ਜੀਵਨ ਤੇ ਸਾਡੇ ਸੱਭਿਆਚਾਰ 'ਚੋਂ ਅਲੋਪ ਹੋ ਜਾਂਦੀਆਂ ਹਨ। ਅਜਿਹੀਆਂ ਰੋਜ਼ਮਰਾ ਜੀਵਨ ਵਿੱਚ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਨੂੰ ਯਾਦ ਕਰਦਿਆਂ ਸੁਰਮੇਦਾਨੀ ਵੀ ਜ਼ਹਿਨ 'ਚ ਆ ਜਾਂਦੀ ਹੈ। ਅੱਜ ਤੋਂ ਲਗਭੱਗ ਵੀਹ - ਪੱਚੀ ਸਾਲ ਪਹਿਲਾਂ ਔਰਤਾਂ ਆਪਣੀਆਂ ਅੱਖਾਂ ਦੀ ਖ਼ੂਬਸੂਰਤੀ ਵਧਾਉਣ ਲਈ ਸੁਰਮੇ ਦੀ ਵਰਤੋਂ ਕਰਦੀਆਂ ਸਨ। ਸੁਰਮਾ ਪੱਥਰ ਦੀ ਇੱਕ ਡਲੀ ਜਿਹੀ ਹੁੰਦੀ ਸੀ , ਜਿਸ ਨੂੰ ਪੁਰਾਤਨ ਸਮੇਂ ਵਿੱਚ ਔਰਤਾਂ ਸਿੱਲਵੱਟੇ ਆਦਿ 'ਤੇ ਮਹੀਨਾ - ਮਹੀਨਾ ਭਰ ਪੀਸ ਕੇ ਬਰੀਕ ਕਰ ਲੈਂਦੀਆਂ ਸਨ। ਇਸ ਸੁਰਮੇ ਨੂੰ ਜਿਸ ਬਰਤਨ 'ਚ ਰੱਖਿਆ ਜਾਂਦਾ ਸੀ , ਉਸ ਨੂੰ ਸੁਰਮੇਦਾਨੀ ਆਖਦੇ ਸਨ। ਇਸ ਸੁਰਮੇ ਨੂੰ ਔਰਤਾਂ ਸਲਾਈ ਜਾਂ ਸੁਰਮਚੂ ਨਾਲ ਅੱਖਾਂ 'ਚ ਪਾਉਂਦੀਆਂ ਸਨ। ਲੋਕਾਂ ਨੇ ਆਪੋ - ਆਪਣੀ ਘਰੇਲੂ ਆਰਥਿਕ ਸਥਿਤੀ ਅਨੁਸਾਰ ਸੁਰਮੇਦਾਨੀਆਂ ਵੀ ਪਿੱਤਲ , ਚਾਂਦੀ ਤੇ ਹੋਰ ਧਾਤਾਂ ਦੀਆਂ ਰੱਖੀਆਂ ਹੁੰਦੀਆਂ ਸਨ। ਸੁਰਮੇਦਾਨੀ ਦਾਜ ਤੇ ਹਰ ਸੁਹਾਗਣ ਦੀ ਸੁਹਾਗ ਪਟਾਰੀ ਦਾ ਅਹਿਮ ਹਿੱਸਾ ਹੁੰਦੀ ਸੀ। ਔਰਤਾਂ 'ਚ ਧਾਰੀ ਬੰਨ੍ਹ ਸੁਰਮਾ ਤੇ ਪੂਛਾਂ ਵਾਲਾ ਸੁਰਮਾ ਅੱਖਾਂ 'ਚ ਲਾਉਣ ਦਾ ਬਹੁਤ ਸ਼ੌਕ ਹੁੰਦਾ ਸੀ। ਉਦੋਂ ਮੇਲਿਆਂ 'ਚ ਵੀ ਸੁਰਮੇਦਾਨੀਆਂ ਆਮ ਵੇਚੀਆਂ ਅਤੇ ਖਰੀਦੀਆਂ ਜਾਂਦੀਆਂ ਸਨ। ਸੁਰਮੇਦਾਨੀ ਹਰ ਔਰਤ ਦੀ ਜਿੰਦ - ਜਾਨ ਹੁੰਦੀ ਸੀ। ਸਿੰਧੂ ਘਾਟੀ ਸੱਭਿਅਤਾ ਦੀ ਹੋਈ ਖੁਦਾਈ ਸਮੇਂ ਸੁਰਮੇਦਾਨੀ ਅਤੇ ਸਲਾਈਆਂ ਦਾ ਮਿਲਣਾ ਸੁਰਮੇਦਾਨੀ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਪੰਜਾਬੀ ਸੱਭਿਆਚਾਰ , ਵਿਰਸੇ , ਲੋਕ ਗੀਤਾਂ , ਬੋਲੀਆਂ ਆਦਿ ਵਿੱਚ ਸੁਰਮੇਦਾਨੀ ਦੀ ਖ਼ਾਸ ਮਹੱਤਤਾ ਰਹੀ ਹੈ , ਜਿਵੇਂ :

'ਗੋਰਾ ਰੰਗ ਸ਼ਰਬਤੀ ਅੱਖੀਆਂ,
ਸੁਰਮੇ ਨਾਲ ਸਜਾਈਆਂ ।
ਤੇ" ਬਿੱਲੀਆਂ ਅੱਖਾਂ ਨੂੰ
ਸੁਰਮਾ ਕਹਿਰ ਦੀ ਗੋਲ਼ੀ ।"

ਸਾਡੇ ਅਨੇਕਾਂ ਰਸਮ - ਰਿਵਾਜ ਸੁਰਮੇ ਤੇ ਸੁਰਮੇਦਾਨੀ ਨਾਲ ਸਬੰਧਿਤ ਹਨ , ਜਿਵੇਂ ਕਿ ਸੁਰਮਾ ਪਵਾਈ ਤੇ ਅੱਖ ਸਲਾਈ ਆਦਿ ਦੀ ਰਸਮ। ਪੁਰਾਣੇ ਸਮੇਂ 'ਚ ਕੇਵਲ ਵਿਆਹ ਸਮੇਂ ਹੀ ਕੁੜੀ ਨੂੰ ਸੁਰਮਾ ਪਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ। ਅਥਰਵਵੇਦ ਵਿੱਚ ਵੀ ਲਾੜਾ - ਲਾੜੀ ਦੀਆਂ ਅੱਖਾਂ 'ਚ ਸੁਰਮਾ ਪਾਉਣ ਦੀ ਗੱਲ ਦਾ ਜ਼ਿਕਰ ਆਉਂਦਾ ਹੈ। ਪਹਿਲੇ ਸਮਿਆਂ 'ਚ ਸੁਹਾਗਣਾਂ ਭਾਂਤ - ਭਾਂਤ ਦੇ ਡਿਜ਼ਾਈਨ ਬਣਾ ਕੇ ਅੱਖਾਂ 'ਚ ਸੁਰਮਾ ਪਾਉਂਦੀਆਂ ਸਨ ਤੇ ਠੋਡੀ 'ਤੇ ਤਿਲ ਵੀ ਇਸ ਨਾਲ ਬਣਾਉਂਦੀਆਂ ਸਨ। ਸਮੇਂ ਦੀ ਤੋਰ ਦੇ ਨਾਲ - ਨਾਲ ਅੱਜ ਸੁਰਮੇਦਾਨੀ ਸਾਡੇ ਘਰਾਂ 'ਚੋਂ ਅਲੋਪ ਹੀ ਹੋ ਗਈ ਹੈ। ਅੱਜ ਪੈਨਸਿਲ ਵਾਲਾ ਸੁਰਮਾ ਜਾਂ ਦ੍ਰਵ ਸੁਰਮਾ ਆਦਿ ਹੋਂਦ 'ਚ ਆ ਗਏ ਹਨ। ਅੱਜ ਸੁੰਦਰਤਾ ਵਧਾਉਣ ਦੀਆਂ ਦੁਕਾਨਾਂ ਤੇ ਨਵੇਂ ਦੌਰ ਦੇ ਮੇਕਅੱਪ ਦੀ ਆਮਦ ਨਾਲ ਸੁਰਮੇਦਾਨੀ ਕੇਵਲ ਵਿਰਸੇ ਦਾ ਪ੍ਰਤੀਕ ਬਣ ਕੇ ਰਹਿ ਗਈ ਹੈ , ਪਰ ਆਪਣੇ ਜ਼ਿਹਨ 'ਚ ਰਚੀਆਂ - ਵਸੀਆਂ ਵਿਰਸੇ ਦੀਆਂ ਵਸਤਾਂ ਨੂੰ ਭੁਲਾਉਣਾ ਸੌਖਾ ਨਹੀਂ ਹੁੰਦਾ।

ਲੇਖਕ ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356








# ਸਾਬਕਾ ਮੰਤਰੀ ਮਲਕੀਤ ਸਿੰਘ ਬੀਰਮੀ ਨੇ ਚੋਣਾਂ ਮੌਕੇ ਨਵੀਂ ਪਾਰਟੀ ਦੀ ਮੋਹੜੀ ਗੱਡੀ

### * ਪੰਜਾਬ ਦੀਆਂ ਸਾਰੀਆਂ 117 ਸੀਟਾਂ ਉੱਤੇ ਉਮੀਦਵਾਰ ਖੜੇ ਕਰਨਗੇ

ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ)- ਅਗਲੇ ਸਾਲ ਹੋਣ ਵਾਲੀਆਂਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਿਸਮਤ ਅਜਮਾਉਣ ਲਈ ਜੋੜ-ਤੋੜ, ਦੂਸ਼ਣਬਾਜ਼ੀ ਤੇ ਨਵੀਆਂ ਸਿਆਸੀ ਪਾਰਟੀਆਂ ਦਾ ਸਿਲਸਿਲਾਚੱਲ ਪਿਆ ਹੈ।



ਕਰੀਬ 30 ਸਾਲ ਪਹਿਲਾਂ ਮੁੱਖ ਮੰਤਰੀ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਵਿੱਚ ਮੰਤਰੀ ਰਹਿ ਚੁੱਕੇ ਅਤੇ ਤਿੰਨ ਵਾਰੀਆਂ ਦੇ ਸਾਬਕਾ ਵਿਧਾਇਕ ਮਲਕੀਤ ਸਿੰਘ ਬੀਰਮੀ ਨੇ 35 ਜਥੇਬੰਦੀਆਂ ਜੋੜ ਕੇ 'ਪੰਜਾਬ ਲੋਕ ਹਿਤ ਪਾਰਟੀ' ਬਣਾ ਧਰੀ ਅਤੇ ਇਸ ਵਿੱਚ 12 ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ, ਮੋਗਾ, ਲੁਧਿਆਣਾ, ਕਪੂਰਥਲਾ, ਪਟਿਆਲਾ, ਗੁਰਦਾਸਪੁਰ, ਫ਼ਰੀਦਕੋਟ, ਬਠਿੰਡਾ, ਸੰਗਰੂਰ, ਤਰਨਤਾਰਨ ਅਤੇ ਮੋਹਾਲੀ ਵਿੱਚੋਂ ਵੱਖ-ਵੱਖ ਪਛੜੇ ਵਰਗਾਂ ਦੀਆਂ 35 ਜਥੇਬੰਦੀਆਂ ਨੂੰ ਜੋੜ ਲਿਆ ਹੈ। ਮਲਕੀਤ ਸਿੰਘ ਬੀਰਮੀ ਖ਼ੁਦ ਇਸ ਦੇ ਪ੍ਰਧਾਨ ਬਣੇ ਅਤੇ9 ਉਪ ਪ੍ਰਧਾਨ, ਪੰਜ ਜਨਰਲ ਸਕੱਤਰ ਅਤੇ 15 ਸੈਕਟਰੀ ਥਾਪੇ ਹਨ। ਇਸ ਨਵੀਂ ਬਣੀ ਪਾਰਟੀ ਵਿੱਚ ਬੀ ਸੀ ਏਕਤਾ ਮੋਰਚਾ, ਓ ਬੀ ਸੀ ਸਾਂਝਾ ਮੋਰਚਾ, ਪ੍ਰਜਾਪਤ ਸਭਾ, ਲੁਬਾਣਾ ਫ਼ੈਡਰੇਸ਼ਨ, ਕਸ਼ਅਪ ਰਾਜਪੂਤ ਸਭਾਅਤੇ ਰਾਮਗੜ੍ਹੀਆ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਕੱਲ੍ਹ ਏਥੇ ਪ੍ਰੈਸ ਕਾਨਫ਼ਰੰਸ ਵਿੱਚ ਮਲਕੀਤ ਸਿੰਘ ਬੀਰਮੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਸਾਰੀਆਂ 117 ਸੀਟਾਂਦੇ ਲਈ ਇਸ ਪਾਰਟੀ ਵੱਲੋਂ ਉਮੀਦਵਾਰ ਖੜੇ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਇਸ ਪਾਰਟੀ ਲਈ ਵਿਦੇਸ਼ਾਂ ਵਿਚਲੇ ਦੋਸਤਾਂ ਤੋਂ ਫ਼ੰਡ ਲਏ ਜਾਣਗੇ। ਇਸ ਦੌਰਾਨ ਅਗਲੇ ਸਾਲ ਪੰਜ ਕੋਨਾ ਮੁਕਾਬਲਿਆਂ ਵਿੱਚ ਨਵੀਂ ਆਪਣੀ ਪਾਰਟੀ ਨੂੰ ਸਫ਼ਲਤਾ ਬਾਰੇ ਸਾਬਕਾ ਮੰਤਰੀ ਬੀਰਮੀ ਨੇ ਕਿਹਾ ਕਿ ਜੇ ਸੱਤਾ ਵਿੱਚ ਆਏ ਤਾਂ ਪਿਛੜਾ ਵਰਗ ਸਮੇਤ ਉਚ ਜਾਤੀ ਵਿੱਚੋਂ ਗ਼ਰੀਬ ਤਬਕੇ ਨੂੰ ਬਣਦਾ ਮਾਣ ਸਤਿਕਾਰ ਮਿਲੇਗਾ ਅਤੇ ਵਿਕਾਸ ਕਾਰਜਾਂ ਦਾ ਲਾਭ ਉਨ੍ਹਾਂ ਨੂੰ ਵੀ ਮਿਲੇਗਾ। ਕਾਂਗਰਸ, ਅਕਾਲੀ ਦਲ ਤੇ 'ਆਪ' ਨਾਲ ਕਿਸੇ ਚੋਣ ਸਮਝੌਤੇ ਬਾਰੇ ਪੁੱਛੇ ਸਵਾਲ ਉੱਤੇ ਉਨ੍ਹਾਂ ਦੱਸਿਆ ਕਿ ਆਉਂਦੇ ਦਿਨਾਂ ਵਿੱਚ ਇਸ ਬਾਰੇ ਪਾਰਟੀ ਅਹੁਦੇਦਾਰਾਂ ਨਾਲ ਵਿਚਾਰ ਕੀਤਾ ਜਾਵੇਗਾ।

# ਰਾਹੁਲ ਗਾਂਧੀ ਦੇ ਕਹਿਣ ਉੱਤੇ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਕਾਂਗਰਸ ਪ੍ਰਧਾਨ ਦੇ ਸਾਰੇ ਕੰਮ ਫਿਰ ਸੰਭਾਲੇ



ਚੰਡੀਗੜ੍ਹ, 27 ਅਕਤੂਬਰ (ਪੋਸਟ ਬਿਊਰੋ)- ਨਵਜੋਤ ਸਿੰਘ ਸਿੱਧੂ ਇੱਕ ਵਾਰ ਫਿਰ ਰਾਹੁਲ ਗਾਂਧੀ ਦੀ ਨਸੀਹਤ ਉੱਤੇ ਚੱਲਣਾ ਮੰਨ ਹਨ। ਰਾਹੁਲ ਗਾਂਧੀ ਨੇ ਨਵਜੋਤ ਸਿੱਧੂ ਨੂੰ ਪੰਜਾਬ ਕਾਂਗਰਸ ਪ੍ਰਧਾਨ ਵਜੋਂ ਕੰਮ ਕਰਨ ਨੂੰ ਕਿਹਾ ਸੀ। ਇਸ ਤੋਂ ਬਾਅਦ ਸਿੱਧੂ ਨਾ ਸਿਰਫ਼ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸੱਦੀ ਸਰਬਪਾਰਟੀ ਬੈਠਕ ਵਿੱਚ ਗਏ, ਸਗੋਂ ਚੰਨੀ ਨਾਲ ਮੰਚ ਵੀ ਸਾਂਝਾ ਕੀਤਾ ਅਤੇ ਕੱਲ੍ਹ ਪੰਜਾਬ ਕਾਂਗਰਸ ਪ੍ਰਧਾਨ ਵਜੋਂ ਦਿੱਲੀ ਵਿੱਚ ਕੌਮੀ ਪੱਧਰ ਦੀ ਬੈਠਕ ਵਿੱਚ ਵੀ ਗਏ ਸਨ। ਉਂਜ ਸਿੱਧੂ ਨੇ ਅਧਿਕਾਰਕ ਤੌਰ ਉੱਤੇ ਅਸਤੀਫ਼ਾ ਵਾਪਸ ਲੈਣ ਦਾ ਐਲਾਨ ਅਜੇ ਨਹੀਂ ਕੀਤਾ।

ਪਤਾ ਲੱਗਾ ਹੈ ਕਿ ਕੱਲ੍ਹ ਦਿੱਲੀ ਦੀਂ ਬੈਠਕ ਵਿੱਚ ਨਵਜੋਤ ਸਿੰਘ ਸਿੱਧੂ ਨੇ ਇੱਕ ਵਾਰ ਫਿਰ ਪੰਜਾਬ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਐਡਵੋਕੇਟ ਜਨਰਲ ਅਤੇ ਡੀ ਜੀ ਪੀ ਦਾ ਮਸਲਾ ਚੁੱਕਿਆ ਤੇ ਬੇਅਦਬੀ ਕੇਸ ਵਿੱਚ ਛੇਤੀ ਇਨਸਾਫ਼ ਦਿਵਾਉਣ ਦੀ ਵੀ ਮੰਗ ਰੱਖੀ। ਦੱਸਿਆ ਗਿਆ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ 2022 ਦੀਆਂ ਚੋਣਾਂ ਤੋਂ ਪਹਿਲਾਂ ਸੱਤਾ ਵਿਰੋਧੀ ਲਹਿਰ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਕੇਸ ਵਿੱਚ ਇਨਸਾਫ਼ ਹੋਣਾ ਜ਼ਰੂਰੀ ਹੈ ਅਤੇ ਅਜਿਹਾ ਹੋਣ ਲਈ ਡੀ ਜੀ ਪੀ ਅਤੇ ਏ ਜੀ ਦਾ ਮਸਲਾ ਛੇਤੀ ਹੱਲ ਕੀਤਾ ਜਾਵੇ।

# ਨਿਯਮਾਂ ਦੀ ਉਲੰਘਣਾ ਕਾਰਨ ਪੰਜਾਬ ਵਿੱਚ ਪ੍ਰਾਈਵੇਟ ਬੱਸਾਂ ਦੇ 806 ਪਰਮਿਟ ਰੱਦ

### * ਵੱਡੇ ਘਰਾਂ ਦੀਆਂ ਕੰਪਨੀਆਂ ਵਧੇਰੇ ਪ੍ਰਭਾਵਤ ਹੋਈਆਂ

ਮਾਨਸਾ, 27 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸੂਬੇ ਵਿੱਚ 806 ਬੱਸਾਂ ਦੇ ਪਰਮਿਟ ਰੱਦ ਕਰ ਦਿੱਤੇ ਹਨ, ਜੋ ਗੈਰ ਕਾਨੂੰਨੀ ਢੰਗ ਨਾਲ ਵਧਾਏ ਗਏ ਸਨ। ਇਸ ਨਾਲ ਵੱਡੇ ਟਰਾਂਸਪੋਰਟਰਾਂ ਦੇ ਨਾਲ ਕੁਝ ਛੋਟੇ ਬੱਸ ਮਾਲਕ ਵੀ ਪ੍ਰਭਾਵਤ ਹੋਏ ਹਨ।

ਇਸ ਸੰਬੰਧ ਵਿੱਚ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਲਿਖਤੀ ਨੋਟਿਸ ਜਾਰੀ ਕਰ ਕੇ ਬੱਸ ਆਪਰੇਟਰਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਇੱਕ ਹਫਤੇ ਦੇ ਅੰਦਰ ਆਪਣੇ ਕੱਟੇ ਗਏ ਪਰਮਿਟਾਂ ਦੇ ਫੈਸਲੇ ਬਾਰੇ ਇੰਦਰਾਜ ਕਰਾਉਣ। ਇਸ ਘੇਰੇ ਵਿੱਚ ਬਾਦਲ ਪਰਵਾਰ ਦੀਆਂ ਰਾਜਧਾਨੀ, ਔਰਬਿਟ, ਤਾਜ ਟਰੈਵਲਜ਼ ਤੇ ਕੁਝ ਛੋਟੀਆਂ ਬੱਸ ਕੰਪਨੀਆਂ ਵੀ ਆਈਆਂ ਹਨ। ਇਸ ਨੂੰ 2017 ਵਿੱਚ ਕਾਂਗਰਸ ਵੱਲੋਂ ਕੀਤੇ ਚੋਣ ਵਾਅਦੇ ਨਾਲ ਜੋੜਿਆ ਜਾ ਰਿਹਾ ਹੈ। ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੱਲ੍ਹ ਕਿਹਾ ਸੀ ਜਿਹੜੇ ਪਰਮਿਟਾਂ ਨੂੰ ਸਰਕਾਰੀ ਅਫਸਰਾਂ ਦੀ ਮਿਲੀਭੁਗਤ ਨਾਲ ਵੱਡੀਆਂ ਨਿੱਜੀ ਕੰਪਨੀਆਂ ਨੇ ਵਧਾਇਆ-ਘਟਾਇਆ ਸੀ, ਉਨ੍ਹਾਂ ਬਾਰੇ ਸਹੀ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਗੈਰ ਕਾਨੂੰਨੀ ਤੌਰ ਉੱਤੇ ਵਧਾਏ ਅਤੇ ਘਟਾਏ ਗਏ 806 ਬੱਸ ਪਰਮਿਟ ਰੱਦ ਕਰਨ ਨਾਲ ਵੱਡੇ ਘਰਾਂ ਸਮੇਤ 340 ਨਿੱਜੀ ਕੰਪਨੀਆਂ ਵੱਲੋਂ ਚਲਾਈਆਂ ਜਾਂਦੀਆਂ ਬੱਸਾਂ ਪ੍ਰਭਾਵਤ ਹੋਈਆਂ ਹਨ। ਲਗਭਗ ਤੀਹ ਹਜ਼ਾਰ ਕਿਲੋਮੀਟਰ ਸਫਰ ਕਰਦੀਆਂ ਇਨ੍ਹਾਂ ਬੱਸਾਂ ਦੇ ਪਰਮਿਟ ਰੱਦ ਹੋਣ ਤੋਂ ਪਹਿਲਾਂ ਇਸ ਰਾਜ ਦੇ ਵੱਡੇ ਘਰਾਂ ਵਾਲੇਅਤੇ ਹੋਰ ਨਿੱਜੀ ਬੱਸ ਆਪਰੇਟਰ ਹਾਈ ਕੋਰਟ ਵਿੱਚਆਪਣੇ ਕੇਸ ਹਾਰ ਚੁੱਕੇ ਹਨ। ਗੈਰ ਕਾਨੂੰਨੀ ਤੌਰ ਉੱਤੇ ਵਧਾਏ ਗਏ ਇਨ੍ਹਾਂ ਪਰਮਿਟਾਂ ਨੂੰ ਰੱਦ ਕਰਨ ਦੀ ਪ੍ਰਕਿਰਿਆ ਲੰਮੇ ਸਮੇਂ ਤੋਂ ਅੜੀ ਪਈ ਸੀ, ਜਿਸ ਨੂੰ ਟਰਾਂਸਪੋਰਟ ਮੰਤਰੀ ਬਣਨ ਦੇ ਬਾਅਦ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਿਰੇ ਲਾਇਆ ਹੈ। ਟਰਾਂਸਪੋਰਟ ਮਹਿਕਮੇ ਦੇ ਵਕੀਲ ਹਰਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਇਹ ਫੈਸਲਾ ਅਧੂਰਾ ਲਾਗੂ ਹੋਇਆ ਹੈ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਵਿੱਚ ਹਾਲੇ ਵੀ ਇੱਕ ਲੌਬੀ ਫੈਸਲੇ ਨੂੰ ਤੋੜ ਮਰੋੜ ਕੇ ਲਾਗੂ ਕਰਨ ਚਾਹੁੰਦੀ ਹੈ, ਤਾਂ ਜੋ ਵੱਡੇ ਘਰਾਂ ਨੂੰ ਲਾਭ ਪੁਚਾਇਆ ਜਾ ਸਕਦੇ। ਉਨ੍ਹਾਂ ਦੱਸਿਆ ਕਿ ਸਿਵਲ ਰਿਟ ਪਟੀਸ਼ਨ 15786 ਆਫ 1999 ਦੇ ਫੈਸਲੇ ਦੀਆਂ ਕੁਝ ਮੱਦਾਂ ਲਾਗੂ ਨਹੀਂ ਹੋਈਆਂ।

# ਸਿੰਘੂ ਬਾਰਡਰ ਉੱਤੇ ਨਿਹੰਗਾਂ ਵੱਲੋਂ ਮਾਰੇ ਗਏ ਲਖਬੀਰ ਦੀ ਪਤਨੀ ਨੂੰ 4.12 ਲੱਖ ਮਿਲੇ

ਝਬਾਲ, 27 ਅਕਤੂਬਰ (ਪੋਸਟ ਬਿਊਰੋ)- ਸਿੰਘੂ ਬਾਰਡਰ ਉੱਤੇ ਬੇਅਦਬੀ ਦੇ ਦੋਸ਼ ਹੇਠ ਕਤਲ ਕੀਤੇ ਗਏ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਚੀਮਾ ਕਲਾਂ ਦੇ ਲਖਬੀਰ ਸਿੰਘ ਟੀਟੂ ਦੇ ਪਰਵਾਰ ਵੱਲੋਂ ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਪੰਜਾਬ ਦੇ ਚੇਅਰਮੈਨ ਪਰਮਜੀਤ ਸਿੰਘ ਕੈਂਥ ਦੀ ਅਗਵਾਈ ਹੇਠ ਐਸ ਸੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੂੰ ਦਰਖਾਸਤਦੇਣ ਦੇ ਬਾਅਦ ਕਾਰਵਾਈ ਸ਼ੁਰੂ ਹੋ ਗਈ ਹੈ ਅਤੇ ਪਰਵਾਰ ਦਾ ਕੁਝ ਸਾਹ ਸੌਖਾ ਹੋਣ ਲੱਗਾ ਹੈ।



ਇਸ ਬਾਰੇ ਐੱਸ ਸੀ ਕਮਿਸ਼ਨ ਵੱਲੋਂ ਹਰਿਆਣਾ ਸਰਕਾਰ ਨਾਲ ਕੀਤੀ ਗੱਲਬਾਤ ਦੇ ਬਾਅਦ ਸਰਕਾਰ ਨੇ ਮ੍ਰਿਤਕ ਲਖਬੀਰ ਸਿੰਘ ਦੀ ਪਤਨੀ ਜਸਪ੍ਰੀਤ ਕੌਰ ਦੇ ਬੱਚਿਆਂ ਲਈ ਸਹਾਇਤਾ ਰਾਸ਼ੀ ਦੇਣੀ ਮੰਨੀ ਹੈ, ਜਿਸ ਦੀ ਪਹਿਲੀ ਕਿਸ਼ਤ ਵਜੋਂ ਜਸਪ੍ਰੀਤ ਕੌਰ ਦੇ ਬੈਂਕ ਖਾਤੇ ਵਿੱਚ ਚਾਰ ਲੱਖ 12 ਹਜ਼ਾਰ 500 ਰੁਪਏ ਜਮ੍ਹਾਂ ਕਰਵਾ ਦਿੱਤੇ ਗਏ ਹਨ। ਕਮਿਸ਼ਨ ਦੇ ਮੁਖੀ ਵਿਜੈ ਸਾਂਪਲਾ ਨੇ ਦੱਸਿਆ ਕਿ ਪੀੜਤ ਪਰਵਾਰ ਲਈ ਸਭ ਤੋਂ ਪਹਿਲਾਂ ਚਾਰ ਲੱਖ 12 ਹਜ਼ਾਰ 500 ਰੁਪਏ ਦੀ ਰਾਸ਼ੀ ਉਨ੍ਹਾਂ ਦੇ ਖਾਤੇ ਵਿੱਚ ਗੁਜ਼ਾਰੇ ਲਈ ਭੇਜੀ ਗਈ ਹੈ। ਇਸ ਤੋਂ ਬਾਅਦ ਇੰਨੀ ਹੋਰ ਰਾਸ਼ੀ ਪਰਵਾਰ ਨੂੰ ਮਿਲੇਗੀ। ਸਰਕਾਰ ਨੇ ਇਸ ਕੇਸ ਵਿੱਚ ਸਾਢੇ ਅੱਠ ਲੱਖ ਰੁਪਏ ਦੀ ਮਦਦ ਦਿੱਤੀ ਹੈ, ਜਿਸ ਤਹਿਤ ਇਹ ਅੱਧੀ ਰਕਮ ਉਨ੍ਹਾਂ ਦੇ ਖਾਤੇ ਵਿੱਚ ਭੇਜ ਦਿੱਤੀ ਹੈ ਤੇ ਬਾਕੀ ਰਕਮ ਚਲਾਨ ਪੇਸ਼ ਹੋਣ ਤੋਂ ਬਾਅਦ ਭੇਜੀ ਜਾਵੇਗੀ। ਲਖਬੀਰ ਸਿੰਘ ਦੀਆਂ ਤਿੰਨ ਧੀਆਂ ਅਤੇ ਇੱਕ ਭਾਣਜੀ ਦੀ ਜਿੱਥੇ ਬੀ ਏ ਤਕ ਪੜ੍ਹਾਈ ਮੁਫਤ ਕਰਵਾਈ ਜਾਵੇਗੀ, ਉਥੇ ਉਸ ਦੀ ਪਤਨੀ ਜਸਪ੍ਰੀਤ ਕੌਰ ਨੂੰ ਪੰਜ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਵੀ ਦਿੱਤੀ ਜਾਵੇਗੀ।


# ਪਟਾਕਾ ਲਾਇਸੈਂਸ ਦੇਣ ਪਿੱਛੋਂ ਸਰਕਾਰ ਵੱਲੋਂ ਪਟਾਕੇ ਚਲਾਉਣ ਉਤੇ ਪਾਬੰਦੀ


ਜਲੰਧਰ, 27 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪਹਿਲਾਂ ਪਟਾਕਾ ਵੇਚਣ ਲਈ ਵਪਾਰੀਆਂ ਨੂੰ ਲਾਇਸੰਸ ਜਾਰੀ ਕਰ ਦਿੱਤੇ ਅਤੇ ਲਾਇਸੰਸ ਪ੍ਰਾਪਤ ਕਰਨ ਵਾਲੇ ਵਪਾਰੀਆਂ ਨੇ ਕਰੋੜਾਂ ਰੁਪਏ ਦੇ ਪਟਾਕੇ ਸਟੋਰ ਕਰ ਲਏ, ਉਸ ਦੇ ਬਾਅਦ ਇਨ੍ਹਾਂ ਪਟਾਕਾ ਵਪਾਰੀਆਂ ਦੇ ਪੇਟ ਉੱਤੇ ਸਰਕਾਰ ਨੇ ਲੱਤ ਮਾਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਇੱਕ ਹੁਕਮ ਜਾਰੀ ਕਰ ਕੇ ਦੀਵਾਲੀ ਤੇ ਗੁਰ ਪੁਰਬ ਮੌਕੇ ਪਟਾਕੇ ਚਲਾਉਣ ਉੱਤੇ ਪਾਬੰਦੀ ਲਾ ਦਿੱਤੀ ਹੈ। ਇਨ੍ਹਾਂ ਹੁਕਮਾਂ ਨਾਲ ਪਟਾਕਾ ਵਪਾਰੀਆਂ ਵਿੱਚ ਤਰਥੱਲੀ ਮਚ ਗਈ ਹੈ।ਉਨ੍ਹਾ ਦਾ ਕਹਿਣਾ ਹੈ ਕਿ ਜੇ ਪਟਾਕੇ ਚਲਾਉਣ ਦੀ ਇਜਾਜ਼ਤ ਨਹੀਂ ਦੇਣੀ ਸੀ ਤਾਂ ਪਟਾਕਾ



ਲਾਇਸੰਸ ਸਰਕਾਰ ਨੇ ਕਿਉਂ ਜਾਰੀ ਕੀਤੇ। ਇਹ ਸਰਕਾਰ ਦਾ ਦੋਹਰਾ ਚਿਹਰਾ ਹੈ ਤੇ ਜਾਣਬੁੱਝ ਕੇ ਪ੍ਰਦੂਸ਼ਣ ਦੇ ਨਾਂਅ ਉੱਤੇ ਸਰਕਾਰ ਵਪਾਰੀਆਂ ਦਾ ਕੰਮ ਖਤਮ ਕਰਨ ਵਿੱਚ ਲੱਗੀ ਹੋਈ ਹੈ। ਪੰਜਾਬ ਦੇ ਹਿੰਦੂ ਸੰਗਠਨਾਂ ਵਿੱਚ ਵੀ ਇਸ ਗੱਲ ਨਾਲ ਕਾਫੀ ਗੁੱਸਾ ਹੈ ਕਿ ਉਨ੍ਹਾਂ ਦੇ ਤਿਉਹਾਰਾਂ ਉੱਤੇ ਹੀ ਹਰ ਵਾਰ ਕਿਉਂ ਸਰਕਾਰ ਦੀ ਮਾਰ ਪੈਂਦੀ ਹੈ। ਵਪਾਰੀਆਂ ਦਾ ਕਹਿਣਾ ਹੈ ਕਿ ਜਦ ਪਰਾਲੀ ਸਾੜੀ ਜਾਂਦੀ ਹੈ, ਵਾਹਨਾਂ ਵਿੱਚੋਂ ਪ੍ਰਦੂਸ਼ਣ ਨਿਕਲਦਾ ਹੈ, ਸ਼ਹਿਰਾਂ ਵਿਚ ਸਰਕਾਰ ਦੀ ਲਾਪਰਵਾਹੀ ਨਾਲ ਧੂੜ-ਮਿੱਟੀ ਉਡ ਕੇ ਪ੍ਰਦੂਸ਼ਣ ਫੈਲਾਉਂਦੀ ਹੈ, ਤਦ ਸਰਕਾਰਾਂ ਨੂੰ ਆਪਣੀ ਡਿਊਟੀ ਯਾਦ ਨਹੀਂ ਆਉਂਦੀ। ਹਰ ਵਾਰ ਪ੍ਰਦੂਸ਼ਣ ਦੇ ਨਾਂਅ ਉੱਤੇ ਲੋਕਾਂ ਦੇ ਤਿਉਹਾਰ ਖਰਾਬ ਕੀਤੇ ਜਾਂਦੇ ਹਨ ਅਤੇ ਵਪਾਰੀਆਂ ਦਾ ਕੰਮ ਖਤਮ ਕੀਤਾ ਜਾਂਦਾ ਹੈ। ਵਪਾਰੀਆਂ ਦਾ ਕਹਿਣਾ ਹੈ ਕਿ ਜੇ ਪਟਾਕੇ ਚਲਾਉਣ ਦੀ ਇਜਾਜ਼ਤ ਨਾ ਮਿਲੀ ਤਾਂ ਉਨ੍ਹਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋ ਜਾਏਗਾ।



### ਲਖੀਮਪੁਰ ਹਿੰਸਾ ਬਾਰੇ ਸੁਪਰੀਮ ਕੋਰਟ ਦਾ ਸਵਾਲ :

# ਹਜ਼ਾਰਾਂ ਦੀ ਭੀੜ ਵਿੱਚੋਂ ਚਸ਼ਮਦੀਦ ਗਵਾਹ ਸਿਰਫ਼ 23 ਕਿਉਂ ਮਿਲੇ?



ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ)-ਲਖੀਮਪੁਰ ਖੇੜੀ ਹਿੰਸਾ ਉੱਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਇਸ ਕਤਲਕਾਂਡ ਬਾਰੇ ਉਤਰ ਪ੍ਰਦੇਸ਼ ਸਰਕਾਰ ਦੇ ਢਿੱਲੇ ਰਵਈਏ ਉੱਤੇ ਇੱਕ ਵਾਰ ਫਿਰ ਸਵਾਲ ਕੀਤੇ ਹਨ। ਅਦਾਲਤ ਨੇ ਇਸ ਨਾਲ ਗਵਾਹਾਂ ਨੂੰ ਯੋਗ ਸੁਰੱਖਿਆ ਦੇਣ ਦੇ ਨਾਲ ਜਾਂਚ ਵਿੱਚ ਤੇਜ਼ੀ ਦਾ ਹੁਕਮ ਦਿੱਤਾ।

ਚੀਫ਼ ਜਸਟਿਸ ਐਨ ਵੀ ਰਾਮੰਨਾ ਦੇ ਪ੍ਰਧਾਨਗੀ ਵਾਲੇ ਅਦਾਲਤੀ ਬੈਂਚ ਨੇ ਗਵਾਹਾਂ ਦੇ ਬਿਆਨ ਸੀ ਆਰ ਪੀ ਸੀ ਦੀ ਧਾਰਾ-164 ਹੇਠ ਦਰਜ ਕਰਾਉਣ ਵਿੱਚ ਤੇਜ਼ੀ ਲਿਆਉਣ ਦਾ ਹੁਕਮ ਦਿੱਤਾ ਹੈ। ਕੱਲ੍ਹ ਸੁਣਵਾਈ ਦੌਰਾਨ ਜਸਟਿਸ ਸੂਰੀਆਕਾਂਤ ਅਤੇ ਜਸਟਿਸ ਹਿਮਾ ਕੋਹਲੀ ਦੇ ਬੈਂਚ ਨੇ ਇਸ ਕੇਸ ਵਿੱਚ ਸਬੂਤ ਜਮ੍ਹਾਂ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਈ ਡਿਜੀਟਲ ਸਬੂਤਾਂ ਦੀ ਜਾਂਚ ਕਰਨ ਵਾਸਤੇ ਫੋਰੈਂਸਿਕ ਲੈਬੋਰਟਰੀ ਦੀ ਵੀ ਮੰਗ ਕੀਤੀ। ਬੈਂਚ ਨੇ ਹੈਰਾਨੀ ਜ਼ਾਹਰ ਕੀਤੀ ਕਿ ਹਜ਼ਾਰਾਂ ਲੋਕਾਂ ਦੀ ਭੀੜ ਵਿੱਚੋਂ ਸਿਰਫ਼ 23 ਲੋਕ ਇਸ ਘਟਨਾ ਦੇ ਚਸ਼ਮਦੀਦ ਗਵਾਹ ਹਨ, ਜਿੱਥੇ ਕਾਰ ਨਾਲ ਕਿਸਾਨਾਂ ਨੂੰ ਕੁਚਲਿਆ ਗਿਆ ਸੀ। ਚੀਫ਼ ਜਸਟਿਸ ਨੇ ਪੁੱਛਿਆ ਕਿ ਰੈਲੀ ਵਿੱਚ ਸੈਂਕੜੇ ਕਿਸਾਨ ਸਨ, ਸਿਰਫ਼ 23 ਲੋਕ ਹੀ ਗਵਾਹ ਕਿਉਂ ਸਨ?ਚੀਫ਼ ਜਸਟਿਸ ਨੇ ਕਿਹਾ ਕਿ ਹਰ ਪਹਿਲੂ ਅਤੇ ਸੰਭਾਵਨਾ ਲੱਭੋ ਅਤੇ ਜਾਂਚ ਨੂੰ ਅੱਗੇ ਵਧਾਉ।

ਉੱਤਰ ਪ੍ਰਦੇਸ਼ ਸਰਕਾਰ ਦੇ ਵਕੀਲ ਹਰੀਸ਼ ਸਾਲਵੇ ਨੇ ਕਿਹਾ ਕਿ 68 ਵਿੱਚੋਂ 30 ਗਵਾਹਾਂ ਨੇ 164 ਸੀ ਆਰ ਪੀ ਸੀ ਹੇਠ ਬਿਆਨ ਦਰਜ ਕਰਾਏ ਹਨ। ਇਨ੍ਹਾਂ ਵਿੱਚੋਂ 23 ਚਸ਼ਮਦੀਦ ਹਨ। ਸਾਲਵੇ ਨੇ ਕਿਹਾ ਕਿ ਮੈਂ ਇਸ ਕੇਸ ਦੇ ਸਬੂਤ ਸੀਲਡ ਲਿਫ਼ਾਫ਼ੇ ਵਿੱਚ ਪੇਸ਼ ਕਰਨਾ ਚਾਹਾਂਗਾ। ਉਨ੍ਹਾਂ ਕਿਹਾ ਕਿ 16 ਦੋਸ਼ੀਆਂ ਦੀ ਪਛਾਣ ਕਰ ਲਈ ਹੈ। ਦੂਜੇ ਪਾਸੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਘਟਨਾ ਵਿੱਚ ਮਾਰੇ ਗਏ ਸ਼ਿਆਮ ਸੁੰਦਰ ਦੀ ਵਿਧਵਾ ਰੂਬੀ ਦੇਵੀ ਵੱਲੋਂ ਪੇਸ਼ ਵਕੀਲ ਅਰੁਣ ਭਾਰਦਵਾਜ ਨੇ ਇਨਸਾਫ਼ ਦੀ ਗੁਹਾਰ ਲਾਈ। ਇਸ ਕਾਂਡ ਵਿੱਚ ਮਾਰੇ ਗਏ ਪੱਤਰਕਾਰ ਦੇ ਪਰਵਾਰ ਨੇ ਵੀ ਨਿਆਂ ਦੀ ਮੰਗ ਕੀਤੀ ਹੈ। ਇਸ ਉੱਤੇ ਜਸਟਿਸ ਨੇ ਵੱਖਰੀ ਸਟੇਟਸ ਰਿਪੋਰਟ ਦੇਣ ਦਾ ਹੁਕਮ ਸਰਕਾਰ ਨੂੰ ਦਿੱਤਾ ਹੈ। ਅਦਾਲਤ ਨੇ ਯੂ ਪੀ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਹਰੀਸ਼ ਸਾਲਵੇ ਨੂੰ ਇਸ ਮਾਮਲੇ ਵਿੱਚ ਵੱਖ ਤੋਂ ਜਵਾਬ ਦਾਖ਼ਲ ਕਰਨ ਨੂੰ ਕਿਹਾ ਤੇ ਅਗਲੀ ਸੁਣਵਾਈ 8 ਨਵੰਬਰ ਨੂੰ ਤੈਅ ਕਰਦੇ ਹੋਏ ਰਾਜ ਸਰਕਾਰ ਨੂੰ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ।

# ਸੂਡਾਨ ਵਿੱਚ ਰਾਜ ਪਲਟੇ ਮਗਰੋਂ ਮੁਜ਼ਾਹਰਾਕਾਰੀਆਂ ਨੇ ਸੜਕਾਂ ਰੋਕੀਆਂ



ਕਾਹਿਰਾ, 27 ਅਕਤੂਬਰ (ਪੋਸਟ ਬਿਊਰੋ)- ਸੂਡਾਨ ਦੀ ਰਾਜਧਾਨੀ ਵਿੱਚ ਲੋਕਤੰਤਰ ਹਮਾਇਤੀ ਪ੍ਰਦਰਸ਼ਨਕਾਰੀਆਂ ਨੇ ਆਰਜ਼ੀ ਬੈਰੀਕੇਡਿੰਗ ਕਰ ਕੇ ਅਤੇ ਟਾਇਰ ਫੂਕ ਕੇ ਕੱਲ੍ਹ ਕੁਝ ਸੜਕਾਂ ਉੱਤੇ ਆਵਾਜਾਈ ਰੋਕ ਦਿੱਤੀ ਹੈ।

< ਵਰਨਣ ਯੋਗ ਹੈ ਕਿ ਇਸ ਦੇਸ਼ ਵਿੱਚ ਰਾਜ ਪਲਟੇ ਤੋਂ ਇੱਕ ਦਿਨ ਬਾਅਦ ਮੁਜ਼ਾਹਰਾਕਾਰੀਆਂ ਨੇ ਇਹ ਕਾਰਵਾਈ ਕੀਤੀ ਹੈ। ਸੂਡਾਨ ਵਿੱਚ ਫੌਜ ਵੱਲੋਂ ਕੀਤੇ ਗਏ ਰਾਜ ਪਲਟੇ ਦੀ ਕੌਮਾਂਤਰੀ ਭਾਈਚਾਰੇ ਨੇਵੀ ਆਲੋਚਨਾ ਕੀਤੀ ਹੈ। ਪ੍ਰਧਾਨ ਮੰਤਰੀ ਤੇ ਸੀਨੀਅਰ ਅਧਿਕਾਰੀਆਂ ਨੂੰ ਪਰਸੋਂ ਫੌਜ ਨੇ ਗ੍ਰਿਫਤਾਰ ਕਰ ਲਿਆ ਅਤੇ ਰਾਜਧਾਨੀ ਖਰਤੂਮ ਦੇ ਬਾਹਰ ਫੌਜੀ ਕੈਂਪ ਵਿੱਚਪੁਚਾ ਦਿੱਤਾ ਸੀ। ਫੌਜੀ ਕਬਜ਼ੇ ਨੇ ਸੂਡਾਨ ਵਿੱਚ ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਜਮਹੂਰੀਕਰਨ ਦੀ ਪ੍ਰਕਿਰਿਆ ਨੂੰ ਲੀਹੋਂ ਲਾਹੁਣ ਦਾ ਖਤਰਾ ਬਣਾ ਦਿੱਤਾ ਹੈ। ਯੂ ਐੱਨ ਸਕਿਓਰਟੀ ਕੌਂਸਲ ਸੂਡਾਨ ਦੇ ਹਾਲਾਤ ਉੱਤੇ ਚਰਚਾ ਕਰੇਗੀ।

ਦੂਸਰੇ ਪਾਸੇ ਪੱਛਮੀ ਮੁਲਕਾਂ ਦੀਆਂ ਸਰਕਾਰਾਂ ਨੇ ਸੂਡਾਨ ਵਿੱਚ ਰਾਜ ਪਲਟੇ ਦੀ ਨਿੰਦਾ ਕੀਤੀ ਅਤੇ ਪ੍ਰਧਾਨ ਮੰਤਰੀ ਅਬਦੁੱਲਾ ਹਮਦੋਕ ਤੇ ਹੋਰ ਅਧਿਕਾਰੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੀ ਸਰਕਾਰ ਨੇ ਸੂਡਾਨ ਨੂੰ 70 ਕਰੋੜ ਡਾਲਰ ਦੀ ਹੰਗਾਮੀ ਮਦਦ ਬੰਦ ਕਰਨ ਦਾ ਐਲਾਨ ਕੀਤਾ ਹੈ। ਗੈਰ ਫੌਜੀ ਸਰਕਾਰ ਨੂੰ ਬਹਾਲ ਕਰਨ ਦੀ ਮੰਗ ਲਈ ਮੁਜ਼ਾਹਰਾ ਕਰਦੇ ਲੋਕਾਂ ਨੇ ਸਮੂਹਿਕ ਰੋਸ ਮਾਰਚਾਂ ਦਾ ਸੱਦਾ ਦਿੱਤਾ ਹੈ।


ਸਾਬਕਾ ਤਾਨਾਸ਼ਾਹ ਉਮਰ ਅਲ-ਬਸ਼ੀਰ ਨੂੰ ਸੱਤਾ ਤੋਂ ਹਟਾਉਣਪਿੱਛੋਂ ਜਮਹੂਰੀ ਸਰਕਾਰ ਬਣਾਉਣ ਦੇ ਯਤਨਾਂਦੇ ਦੌਰਾਨ ਪਰਸੋਂ ਫੌਜ ਨੇ ਰਾਜ ਪਲਟਾ ਕਰ ਕੇ ਕੰਟਰੋਲ ਆਪਣੇ ਹੱਥ ਲੈ ਲਿਆ ਸੀ। ਇਸ ਵਿਰੁੱਧ ਸੂਡਾਨ ਦੇ ਲੋਕਾਂ ਨੇ ਕਈ ਸ਼ਹਿਰਾਂ ਵਿੱਚ ਰੋਸ ਮੁਜ਼ਾਹਰੇ ਕੀਤੇ ਸਨ। ਸੂਡਾਨ ਡਾਕਟਰਜ਼ ਕਮੇਟੀ ਅਨੁਸਾਰ ਖਰਤੂਮ ਵਿੱਚ ਸੁਰੱਖਿਆ ਦਸਤਿਆਂ ਵੱਲੋਂ ਕੀਤੀ ਗੋਲੀਬਾਰੀ ਵਿੱਚ ਘੱਟੋ ਘੱਟ ਚਾਰ ਮੁਜ਼ਾਹਰਾਕਾਰੀਆਂ ਦੀ ਮੌਤ ਹੋ ਗਈ ਤੇ80 ਤੋਂ ਵੱਧ ਜ਼ਖਮੀ ਹੋਏ ਹਨ। ਖਰਤੂਮ ਅਤੇ ਓਮਦੁਰਮਨ ਵਿੱਚ ਸੜਕਾਂ ਉੱਤੇ ਬੈਰੀਕੇਡਿੰਗ ਕੀਤੀ ਗਈ ਤੇ ਟਾਇਰ ਸਾੜ ਕੇ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ। ਫੌਜ ਤੇ ਹੋਰ ਸੁਰੱਖਿਆ ਦਸਤੇ ਮੁਜ਼ਾਹਰਾਕਾਰੀਆਂ ਨੂੰ ਤਿੱਤਰ-ਬਿੱਤਰ ਕਰਨ ਲੱਗੇ ਹੋਏ ਹਨ।

## ਭਾਰਤੀ ਨੇਵੀ ਦਾ ਕਮਾਂਡਰ ਗੁਪਤ ਭੇਦ ਲੀਕ ਕਰਦਾ ਗ੍ਰਿਫਤਾਰ

ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ)- ਇੱਕ ਮਹੱਤਵਪੂਰਨ ਕਾਰਵਾਈ ਵਿੱਚ ਸੀ ਬੀ ਆਈ ਨੇ ਕਿਲੋ ਸ਼੍ਰੇਣੀ ਦੀ ਪਣਡੁੱਬੀ ਦੇ ਆਧੁਨਿਕੀਕਰਨ ਨਾਲ ਜੁੜੇ ਗੁਪਤ ਭੇਦ ਲੀਕ ਕਰਨ ਕਰ ਕੇ ਨੇਵੀ ਕਮਾਂਡਰ (ਫੌਜ ਦੇ ਲੈਫਟੀਨੈਂਟ ਕਰਨਲ ਦੇ ਬਰਾਬਰ), ਦੋ ਸੇਵਾਮੁਕਤ ਅਧਿਕਾਰੀਆਂ ਅਤੇ ਦੋ ਹੋਰਨਾਂ ਨੂੰ ਗ੍ਰਿਫਤਾਰ ਕੀਤਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਮਹੀਨੇ ਇੱਕ ਘਟਨਾ ਦੇ ਬਾਅਦ ਨੇਵੀ ਨੇ ਇਸ ਲੀਕੇਜ ਅਤੇ ਭਵਿੱਖ ਵਿੱਚ ਏਦਾਂ ਦੀਆਂ ਘਟਨਾਵਾਂ ਰੋਕਣ ਦਾ ਰਾਹ ਲੱਭਣ ਲਈ ਵਾਈਸ ਐਡਮਿਰਲ ਦੀ ਅਗਵਾਈ ਵਿੱਚ ਪੰਜ ਮੈਂਬਰੀ ਜਾਂਚ ਟੀਮ ਬਣਾਈ ਹੈ। ਸਬੰਧਤ ਏਜੰਸੀਆਂ ਤੋਂ ਸੂਹ ਮਿਲਣ ਪਿੱਛੋਂ ਸੀ ਬੀ ਆਈ ਦੇ ਭ੍ਰਿਸ਼ਟਾਚਾਰ ਵਿਰੋਧੀ ਸੈਲ ਨੇ ਮੁੰਬਈ ਵਿੱਚ ਤੈਨਾਤ ਇਸ ਕਮਾਂਡਰ ਨੂੰ ਗ੍ਰਿਫਤਾਰ ਕੀਤਾ ਸੀ। ਉਸ ਨੇ ਰਿਸ਼ਵਤ ਲੈ ਕੇ ਸੇਵਾ-ਮੁਕਤ ਅਧਿਕਾਰੀਆਂ ਨੂੰ ਖੁਫੀਆ ਜਾਣਕਾਰੀ ਲੀਕ ਕੀਤੀ ਸੀ। ਸੀ ਬੀ ਆਈ ਅਜਿਹੇ ਕਈ ਮੌਜੂਦਾ ਅਧਿਕਾਰੀਆਂ ਤੋਂ ਵੀ ਪੁੱਛਗਿੱਛ ਕਰ ਰਹੀ ਹੈ।

## ਜੰਮੂ-ਕਸ਼ਮੀਰ ਵਾਲਾ ਜਵਾਲਾ ਮੁਖੀ ਫਟਿਆ ਤਾਂ ਪਤਾ ਨਹੀਂ ਕੀ ਬਣੇਗਾ: ਫਾਰੂਕ ਅਬਦੁੱਲਾ



ਜੰਮੂ, 27 ਅਕਤੂਬਰ (ਪੋਸਟ ਬਿਊਰੋ)- ਨੈਸ਼ਨਲ ਕਾਨਫ਼ਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਧਾਰਾ-370 ਹਟਾਏ ਜਾਣ ਪਿੱਛੋਂ ਜੰਮੂ-ਕਸ਼ਮੀਰ ਜਵਾਲਾਮੁਖੀ ਬਣ ਰਿਹਾ ਹੈ। ਉਨ੍ਹਾਂ ਡਰ ਜ਼ਾਹਿਰ ਕੀਤਾ ਕਿ ਜਦੋਂ ਇਹ ਫਟਿਆ ਤਾਂ ਪਤਾ ਨਹੀਂ ਕਿੱਦਾਂ ਦੇ ਹਾਲਾਤ ਹੋਣਗੇ। ਉਨ੍ਹਾ ਨੇ ਪੁਣਛ ਦੇ ਸੂਰਨਕੋਟ ਵਿੱਚ ਜਲਸੇ ਵਿੱਚ ਕਿਹਾ, 'ਜਿਨ੍ਹਾਂ ਨੇ ਕ੍ਰਿਕਟ ਮੈਚ ਵਿੱਚ ਪਾਕਿਸਤਾਨ ਦੀ ਜਿੱਤ ਦਾ ਜਸ਼ਨ ਮਨਾਇਆ, ਉਨ੍ਹਾਂ ਦਾ ਪਾਕਿਸਤਾਨ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਸਿਰਫ ਭਾਜਪਾ ਨੂੰ ਭੜਕਾਉਣ ਦੇ ਮਕਸਦ ਨਾਲ ਕੀਤਾ ਗਿਆ ਹੈ। ਉਹ ਨੌਜਵਾਨ ਸਨ ਤੇ ਭਾਜਪਾ ਨੂੰ ਇਸ ਨੂੰ ਅੱਖਾਂ ਖੋਲ੍ਹਣ ਵਾਲੇ ਸਬਕ ਦੇ ਤੌਰ ਉੱਤੇ ਵੇਖਣਾ ਚਾਹੀਦਾ ਹੈ।"

ਫਾਰੂਕ ਅਬਦੁੱਲਾ ਨੇ ਕਿਹਾ ਕਿ ਭਾਜਪਾ ਦਾਅਵਾ ਕਰਦੀ ਹੈ ਕਿ ਇੱਕ ਨਵਾਂ ਪੜਾਅ ਸ਼ੁਰੂ ਹੋ ਗਿਆ ਅਤੇ ਅੱਤਵਾਦ ਖ਼ਤਮ ਹੋ ਗਿਆ ਹੈ, ਪਰ ਸਥਿਤੀ ਵੱਖਰੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਧਾਰਾ-370 ਤਹਿਤ ਇਸ ਰਾਜ ਦੇ ਵਿਸ਼ੇਸ਼ ਦਰਜੇ ਨੂੰ ਰੱਦ ਕਰਨ ਦਾ ਐਲਾਨ ਕੀਤਾ ਸੀ ਅਤੇ ਕੱਲ੍ਹ ਕ੍ਰਿਕਟ ਵਿੱਚਪਾਕਿਸਤਾਨ ਦੀ ਜਿੱਤ ਤੋਂ ਬਾਅਦ ਉਹ ਜਸ਼ਨ ਦੇ ਵੀ ਗਵਾਹ ਬਣੇ। ਅਬਦੁੱਲਾ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਗੱਲਬਾਤ ਲਈ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਵਕਾਲਤ ਬਾਰੇ ਲੋਕਾਂ ਨੂੰ ਕਿਹਾ ਕਿ ਉਹ ਦੋਵਾਂ ਦੇਸ਼ਾਂ ਵਿੱਚ ਚੰਗੀ ਭਾਵਨਾ ਤੇ ਉਪ-ਮਹਾਦੀਪ ਵਿੱਚ ਸ਼ਾਂਤੀ ਤੇ ਵਿਕਾਸ ਦੇ ਵਿਆਪਕ ਹਿੱਤ ਵਿੱਚ ਰੱਬ ਅੱਗੇ ਪ੍ਰਾਰਥਨਾ ਕਰਨ।

## ਜਾਪਾਨ ਦੀ ਰਾਜਕੁਮਾਰੀ ਨੇ ਆਮ ਨਾਗਰਿਕ ਨਾਲ ਵਿਆਹ ਕਰਵਾ ਕੇ ਸ਼ਾਹੀ ਰੁਤਬਾ ਛੱਡਿਆ



ਟੋਕੀਉ, 27 ਅਕਤੂਬਰ (ਪੋਸਟ ਬਿਊਰੋ)- ਜਾਪਾਨ ਦੀ ਰਾਜਕੁਮਾਰੀ ਮਾਕੋ ਨੇ ਇੱਕ ਆਮ ਨਾਗਰਿਕ ਨਾਲ ਵਿਆਹ ਕਰ ਕੇ ਆਪਣਾ ਸ਼ਾਹੀ ਰੁਤਬਾ ਗੁਆ ਦਿੱਤਾ। ਰਾਜਕੁਮਾਰੀ ਦੇ ਵਿਆਹ ਤੇ ਉਨ੍ਹਾਂ ਦਾ ਸ਼ਾਹੀ ਰੁਤਬਾ ਖ਼ਤਮ ਕਰਨ ਦੇ ਮੁੱਦੇ ਉੱਤੇ ਜਨਤਾ ਦੀ ਰਾਏ ਬਹੁਤ ਬੁਰੀ ਤਰ੍ਹਾਂ ਵੰਡੀ ਹੋਈ ਹੈ।

'ਇੰਪੀਰੀਅਲ ਹਾਊਸਹੋਲਡ ਏਜੰਸੀ' ਨੇ ਦੱਸਿਆ ਕਿ ਮਾਕੋ ਅਤੇ ਉਸ ਦੇ ਪ੍ਰੇਮੀ ਕੇਈ ਕੋਮੂਰੋ ਦੇ ਇਸ ਵਿਆਹ ਦੇ ਦਸਤਾਵੇਜ਼ ਮਹਿਲ ਦੀ ਇੱਕ ਅਧਿਕਾਰੀ ਨੇ ਕੱਲ੍ਹ ਪੇਸ਼ ਕੀਤੇ। ਏਜੰਸੀ ਨੇ ਕਿਹਾ ਕਿ ਮਹਿਲ ਦੇ ਡਾਕਟਰਾਂ ਅਨੁਸਾਰ ਮਾਕੋ ਇਸ ਮਹੀਨੇ ਦੇ ਸ਼ੁਰੂ ਵਿੱਚ ਤਣਾਅ ਤੋਂ ਪੀੜਤ ਸੀ, ਜਿਸ ਤੋਂ ਉਹ ਠੀਕ ਹੋ ਰਹੀ ਹੈ। ਮਾਕੋ ਆਪਣੇ ਵਿਆਹ ਬਾਰੇ ਨੈਗੇਟਿਵ ਖ਼ਬਰਾਂ, ਖ਼ਾਸ ਕਰ ਕੇ ਕੋਮੂਰੋ ਨੂੰ ਨਿਸ਼ਾਨਾ ਬਣਾਉਣ ਕਾਰਨ ਬਹੁਤ ਤਣਾਅ ਵਿੱਚ ਸੀ। ਵਿਆਹ ਤੋਂ ਬਾਅਦ ਕੋਈ ਰਿਸੈਪਸ਼ਨ ਜਾਂ ਹੋਰ ਰਸਮ ਨਹੀਂ ਹੋਵੇਗੀ। ਮਾਕੋ (30) ਸਮਰਾਟ ਨਰੂਹਿਤੋ ਦੀ ਭਤੀਜੀ ਹੈ। ਉਹ ਅਤੇ ਕੋਮੂਰੋ ਟੋਕੀਓ ਦੀ ਇੰਟਰਨੈਸ਼ਨਲ ਕ੍ਰਿਸਚੀਅਨ ਯੂਨੀਵਰਸਿਟੀ ਵਿੱਚ ਇਕੱਠੇ ਪੜ੍ਹਦੇ ਸਨ। ਉਨ੍ਹਾਂ ਨੇ ਸਤੰਬਰ 2017 ਵਿੱਚ ਵਿਆਹ ਕਰਨ ਦਾ ਐਲਾਨ ਕੀਤਾ ਸੀ ਪਰ ਦੋ ਮਹੀਨਿਆਂ ਬਾਅਦ ਕੋਮੂਰੋ ਦੀ ਮਾਂ ਨਾਲ ਜੁੜੇ ਇੱਕ ਵਿੱਤੀ ਵਿਵਾਦ ਕਾਰਨ ਵਿਆਹ ਨੂੰ ਟਾਲ ਦਿੱਤਾ ਗਿਆ ਸੀ। ਆਖਰ ਕੱਲ੍ਹ ਇਹ ਵਿਆਹ ਸਿਰੇ ਚੜ੍ਹ ਗਿਆ ਹੈ।

## ਭਾਰਤ ਸਰਕਾਰ ਕੰਟੇਨਰਾਂ ਵਿਚ ਮੋਬਾਈਲ ਹਸਪਤਾਲ ਬਣਾਉਣ ਲੱਗੀ

*** ਸੌ ਬੈਡ ਵਾਲੇ ਕੰਟੇਨਰ ਹਸਪਤਾਲ ਵਿੱਚ ਸਭ ਸਹੂਲਤਾਂ ਹੋਣਗੀਆਂ**



ਨਵੀਂ ਦਿੱਲੀ, 27 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਕੰਟੇਨਰਾਂ ਵਿੱਚ ਦੋ ਮੋਬਾਈਲ ਹਸਪਤਾਲ ਬਣਾਉਣਲੱਗੀ ਹੈ ਅਤੇ ਇਨ੍ਹਾਂ 100-100 ਬੈਡ ਵਾਲੇ ਹਸਪਤਾਲਾਂ ਵਿੱਚ ਸਾਰੀਆਂ ਸਿਹਤ ਸਹੂਲਤਾਂ ਹੋਣਗੀਆਂ।

ਇਸ ਬਾਰੇ ਭਾਰਤ ਦੇ ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਆਯੂਸ਼ਮਾਨ ਭਾਰਤ ਸਿਹਤ ਮਿਸ਼ਨ ਹੇਠ ਇਹ ਹਸਪਤਾਲ ਬਣਾਏ ਜਾਣਗੇ, ਜਿਨ੍ਹਾਂ ਨੂੰ ਐਮਰਜੈਂਸੀ ਸਥਿਤੀ ਵਿੱਚ ਕਿਤੇ ਵੀ ਲਿਜਾਇਆ ਜਾ ਸਕੇਗਾ। ਮਾਂਡਵੀਆ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਇੱਕ ਹਸਪਤਾਲ ਦਿੱਲੀ ਅਤੇ ਇੱਕ ਚੇਨਈ ਵਿੱ-ਚਹੋਵੇਗਾ। ਇਨ੍ਹਾਂ ਹਸਪਤਾਲਾਂ ਨੂੰ ਐਮਰਜੈਂਸੀ ਹਾਲਾਤ ਵਿੱਚ ਹਵਾਈ ਜਹਾਜ਼ ਜਾਂ ਰੇਲਰਾਹੀਂ ਕਿਤੇ ਵੀ ਲਿਜਾਇਆ ਜਾ ਸਕੇਗਾ। ਉਨ੍ਹਾਂ ਕਿਹਾ ਕਿ ਕੋਰੋਨਾ ਦੀ ਮਹਾਮਾਰੀ ਨੇ ਸਿਹਤ ਸੇਵਾ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਦੇ ਮੌਕੇ ਦਿੱਤੇ ਹਨ, ਜਿਸ ਲਈ 64000 ਕਰੋੜ ਰੁਪਏ ਨਾਲ ਪ੍ਰਧਾਨ ਮੰਤਰੀ ਆਯੂਸ਼ਮਾਨ ਭਾਰਤ ਸਿਹਤ ਮੁਢਲਾ ਢਾਂਚਾ ਮਿਸ਼ਨ ਸ਼ੁਰੂ ਕੀਤਾਗਿਆ ਹੈ।

ਇਸ ਮੌਕੇ ਸਿਹਤ ਮੰਤਰੀ ਨੇ ਕੋਵੈਕਸੀਨ ਨੂੰ ਐਮਰਜੈਂਸੀ ਦੌਰਾਨ ਵਰਤਣ ਲਈ ਵਿਸ਼ਵ ਸਿਹਤ ਸੰਗਠਨ ਵੱਲੋਂ ਮਨਜ਼ੂਰਲਿਸਟ ਵਿੱਚ ਸ਼ਾਮਲ ਕੀਤੇ ਜਾਣ ਬਾਰੇ ਕਿਹਾ ਕਿ ਡਬਲਯੂ ਐਚ ਓ ਦੇਸਿਸਟਮ ਵਿੱਚ ਇੱਕ ਤਕਨੀਕੀ ਕਮੇਟੀ ਹੁੰਦੀ ਹੈ, ਜਿਸ ਨੇ ਕੋਵੈਕਸੀਨ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਇਸ ਨੂੰ ਸਮਝਣ ਲਈ ਇੱਕ ਹੋਰ ਕਮੇਟੀ ਕੋਲ ਭੇਜਿਆ ਹੈ।ਉਨ੍ਹਾਂ ਨੇ ਕਿਹਾ ਕਿ ਦੂਸਰੀ ਕਮੇਟੀ ਦੀ ਬੈਠਕ ਦੇ ਆਧਾਰ ਉੱਤੇ ਕੋਵੈਕਸੀਨ ਨੂੰ ਮਨਜ਼ੂਰੀ ਦਿੱਤੀ ਜਾਵੇਗੀ, ਜਿਸ ਦੀ ਪੂਰੀ ਉਮੀਦ ਹੈ। ਮਾਂਡਵੀਆ ਨੇ ਕਿਹਾ ਕਿ ਬੱਚਿਆਂ ਦੇ ਟੀਕੇ ਜਾਏਕੋਵ-ਡੀ ਦੀ ਕੀਮਤਬਾਰੇ ਵਿਚਾਰ ਜਾਰੀ ਹੈ। ਕੋਰੋਨਾ ਦੇ ਨਵੇਂ ਰੂਪ ਏ ਵਾਈ 42 ਬਾਰੇ ਉਨ੍ਹਾਂ ਕਿਹਾ ਕਿ ਭਾਰਤੀ ਮੈਡੀਕਲ ਕੌਂਸਲ ਅਤੇ ਰਾਸ਼ਟਰੀ ਰੋਗ ਕੰਟਰੋਲ ਕੇਂਦਰ ਦੇ ਦਸਤੇ ਇਸ ਲਾਗ ਦੇ ਵੱਖ-ਵੱਖ ਰੂਪਾਂ ਦੀ ਜਾਂਚ ਕਰ ਰਹੇ ਹਨ। ਮਾਂਡਵੀਆ ਨੇ ਇਹ ਵੀ ਕਿਹਾ ਕਿ ਦੇਸ਼ ਵਿੱਚ ਲਗਭਗ 79,415 ਸਿਹਤ ਕੇਂਦਰ ਚੱਲਦੇ ਹਨ ਅਤੇ ਏਦਾਂ ਦੇ ਕੁੱਲ 1.5 ਲੱਖ ਕੇਂਦਰ ਚਲਾਉਣ ਦੀ ਯੋਜਨਾ ਹੈ।

## ਬੇਜ਼ੋਸ ਵੱਲੋਂ ਨਿੱਜੀ ਪੁਲਾੜ ਕੇਂਦਰ ਬਣਾਉਣ ਲਈ ਪਹਿਲ



ਵਾਸ਼ਿੰਗਟਨ, 27 ਅਕਤੂਬਰ (ਪੋਸਟ ਬਿਊਰੋ)- ਈ-ਕਾਮਰਸ ਕੰਪਨੀ ਐਮਾਜ਼ੋਨ ਦੇ ਮੋਢੀ ਜੈਫ ਬੇਜ਼ੋਸ ਦੀ ਰਾਕਟ ਕੰਪਨੀ ਬਲਿਊ ਓਰੀਜਨ ਨੇ ਧਰਤੀ ਦੇ ਪੰਧ ਵਿੱਚ ਨਿੱਜੀ ਪੁਲਾੜ ਕੇਂਦਰ ਬਣਾਉਣ ਦੀ ਪਹਿਲ ਕੀਤੀ ਅਤੇ ਦੂਸਰੀਆਂ ਕੰਪਨੀਆਂ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਇਸ ਕੰਪਨੀ ਨੇ ਇਸ ਯੋਜਨਾ ਤੋਂ ਕੱਲ੍ਹ ਪਰਦਾ ਚੁੱਕਿਆ ਤੇ ਕਿਹਾ ਕਿ ਨਿੱਜੀ ਪੁਲਾੜ ਕੇਂਦਰ, ਕੌਮਾਂਤਰੀ ਪੁਲਾੜ ਕੇਂਦਰ (ਆਈ ਐਸ ਐਸ) ਦਾ ਬਦਲ ਹੋ ਸਕਦਾ ਹੈ।

ਨਿੱਜੀ ਪੁਲਾੜ ਕੇਂਦਰ ਦਾ ਵਿਚਾਰ ਓਦੋਂ ਆਇਆ ਹੈ, ਜਦੋਂ ਅਮਰੀਕੀ ਪੁਲਾੜ ਏਜੰਸੀ ਨਾਸਾ 100 ਅਰਬ ਡਾਲਰ ਦੀ ਲਾਗਤ ਨਾਲ ਬਣੇ ਵੀਹ ਸਾਲ ਪੁਰਾਣੇ ਆਈ ਐਸ ਐਸ ਦਾ ਬਦਲ ਲੱਭ ਰਹੀ ਹੈ। ਇਹ ਪੁਲਾੜ ਕੇਂਦਰ ਆਪਣੇ ਯੁੱਗ ਦੀ ਸਮਾਪਤੀ ਵੱਲ ਇਸ਼ਾਰਾ ਕਰਨ ਲੱਗਾ ਹੈ। ਅਜੇ ਇਹ ਸਪੱਸ਼ਟ ਨਹੀਂ ਕਿ 2030 ਤਕ ਧਰਤੀ ਦੇ ਹੇਠਲੇ ਪੰਧ ਵਿੱਚਕੋਈ ਹੋਰ ਕੇਂਦਰ ਬਣ ਸਕੇਗਾ ਜਾਂ ਨਹੀਂ। 2030 ਵਿੱਚ ਆਈ ਐਸ ਐਸ ਲਈ ਮਾਇਕ ਫੰਡਿਗ ਦੀ ਮਿਆਦ ਖਤਮ ਹੋ ਰਹੀ ਹੈ ਤੇ ਇਹ ਬਹੁਤ ਹੱਦ ਤਕ ਨਾਸਾ ਉੱਤੇ ਨਿਰਭਰ ਕਰੇਗਾ ਕਿ ਉਹ ਪੁਲਾੜ ਕੇਂਦਰ ਪ੍ਰੋਜੈਕਟ ਲਈ ਪਾਰਲੀਮੈਂਟ ਤੋਂ ਕਿੰਨਾ ਪੈਸਾ ਹਾਸਲ ਕਰ ਸਕਦੀ ਹੈ। ਨਿੱਜੀ ਪੁਲਾੜ ਕੰਪਨੀਆਂ ਨੂੰ ਕੇਂਦਰ ਦਾ ਕੰਮ ਸ਼ੁਰੂ ਕਰਨ ਲਈ ਏਜੰਸੀ ਵੱਲੋਂਚਾਲੀ ਕਰੋੜ ਡਾਲਰ ਤਕ ਦੇਣ ਦੀ ਯੋਜਨਾ ਹੈ।ਬਲਿਊ ਓਰੀਜਨ ਅਤੇ ਉਸ ਦੇ ਭਾਈਵਾਲਾਂ ਦੀ ਆਰਬਿਟਲ ਰੀਫ ਨਾਮਕ ਇਹ ਤਜਵੀਜ਼ ਸਿਰਫ ਡਿਜੀਟਲ ਐਨੀਮੇਸ਼ਨ ਤੇ ਡਰਾਈਂਗਾਂ ਤਕ ਸੀਮਿਤ ਹੈ, ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸ ਨੂੰ ਮੌਜੂਦਾ ਦਹਾਕੇ ਦੇ ਅੰਤ ਤਕ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਦਾ ਮੁਕਾਬਲਾ ਚੀਨ ਦੇ ਤਿਆਨਗੋਂਗ ਪੁਲਾੜ ਕੇਂਦਰ ਨਾਲ ਹੋਵੇਗਾ, ਜਿਸ ਦੇ ਅਗਲੇ ਸਾਲ ਤਕ ਪੂਰਾ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਆਈ ਐਸ ਐਸ ਵਿੱਚ ਖੋਜ ਦੀ ਸਹੂਲਤ ਦੇਣ ਵਾਲੀ ਕੰਪਨੀ ਲਾਕਹੀਡ ਮਾਰਟਿਨ ਤੇ ਨੈਨੋਰੈਕਸ ਨੇ ਪਿਛਲੇ ਹਫਤੇ ਦਾਅਵਾ ਕੀਤਾ ਹੈ ਕਿ ਉਸ ਕੋਲ ਉਸ ਦਾ ਆਪਣਾ ਪੁਲਾੜ ਕੇਂਦਰ ਹੈ, ਜਿਸ ਦਾ ਨਾਂਅ ਸਟਾਰਲੈਬ ਹੈ। ਸੰਭਾਵਨਾ ਹੈ ਕਿ ਆਰਬੀਟਲ ਰੀਫ ਪ੍ਰੋਜੈਕਟ ਵਿੱਚ ਬੇਜ਼ੋਸ ਵੱਡਾ ਨਿਵੇਸ਼ ਕਰ ਸਕਦੇ ਹਨ। ਉਨ੍ਹਾਂ ਬਲਿਊ ਓਰੀਜਨ ਉੱਤੇ ਇੱਕ ਅਰਬ ਡਾਲਰ ਦੇ ਖਰਚ ਤੇ ਪੁਲਾੜ ਵਿੱਚ ਲੋਕਾਂ ਦੇ ਰਹਿਣ ਤੇ ਕੰਮ ਕਰਨ ਵਰਗੀਆਂ ਸਥਿਤੀਆਂ ਪੈਦਾ ਕਰਨ ਦੇ ਟੀਚੇ ਦਾ ਐਲਾਨ ਕੀਤਾ ਹੈ। 2000 ਵਿੱਚ ਸਥਾਪਤ ਇਸ ਕੰਪਨੀ ਨੇ ਪੁਲਾੜ ਵਿੱਚ ਸੈਰ ਸਪਾਟਾ ਕਰਵਾਉਣ ਦੀ ਯੋਜਨਾ ਲਾਂਚ ਕੀਤੀ ਹੈ।


Century 21
President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Jagdish Grewal
Sales Repersentative
Call Now: (416)-970-5005


Brampton
$799,900
Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!


Brampton
$849,900
Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.


Brampton
$699,900
Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ


Brampton
$799,999
Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ


Brampton
$1,199,000
Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ


Brampton
$1,179,000
Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ


Brampton
$1,299,000
Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ


Brampton
$999,800
Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ


(416) 970-5005 www.vipcondonetwork.com
80 Maritime Ontario Blvd #246 Brampton, ON L6S 0E7 Call: 905-488-2100 Fax : 905-488-2101



Visions of Punjab


Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com


Iqbal Mahal
Producer & Host

Serving the South Asian Community Since 1976



jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 80 West Drive, Brampton
Apply In Person to complete application in the Shipping Department




Chapel Ridge
FUNERAL HOME & CREMATION CENTRE

## ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



## 2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: **ਹਰਜਿੰਦਰ ਸਿੰਘ ਬਿਲਖੂ**

**647-966-0093**

ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਵਾਂ ਬੋਲਦੇ ਹਾਂ

8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com



Other Realtors only Promise
But JAG AUJLA SOLD YOUR HOME WITH
**GUARANTEE**

Advertisement GUARANTEED Till SOLD

# JAG AUJLA
REAL ESTATE BROKER

DIR: **416-371-7777**
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **RE/MAX International **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

### CALEDON




**ਕੈਨੇਡੀ / ਦੂੱਗਲ**

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

### BRAMPTON



**$1,999,905** ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

### BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

### BRAMPTON




**$749,905**
William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

### BRAMPTON




**34 Winterfold Dr**
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




**Orangeville Ontario L9W3X5**
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777